
ਮੇਰੇ ਗੀਤ
ਬਲਬੀਰ ਸਿੰਘ 'ਸੈਣੀ'

## ਏਸ ਕਲਮ ਤੋਂ

1.ਫੁੱਲ ਕਪਾਹਾਂ ਦੇ (.ਗਜ਼ਲ-ਸੰਗ੍ਰਹਿ)

2. ਤਿੜਾਂ (ਕਾਵਿ-ਸੰਗ੍ਰਹਿ)

3. ਦੋ ਬੋਲਾਂ ਦੀ ਗੱਲ (ਕਹਾਣੀ-ਸੰਗ੍ਰਹਿ)

4. ਅੰਦਰਲਾ ਸੱਚ (ਗ਼ਜ਼ਲ-ਸੰਗ੍ਰਹਿ)

5. ਸਾਡਾ ਵਿਰਸਾ ਸਾਡਾ ਗੌਰਵ (ਛਪਣ ਹਿੱਤ)
(ਸਿੱਖ ਸ਼ਹੀਦਾਂ ਤੇ ਲੇਖ ਸੰਗ੍ਰਹਿ)

6. ਉਰਲੀਆਂ-ਪਰਲੀਆਂ (**ਲੇਖ ਸੰਗ੍ਰਹਿ**) (ਛਪਣ ਹਿੱਤ)

# ਮੇਰੇ ਗੀਤ

*ਬਲਬੀਰ ਸਿੰਘ ਸੈਣੀ*

**ਪੰਜਾਬੀ ਪਬਲੀਕੇਸ਼ਨਜ਼, ਪਟਿਆਲਾ**

**MERE GEET**
**(COLLECTION OF SONGS)**
**BY**
**BALBIR SINGH SAINI**

ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੀ ਸਹਾਇਤਾ ਨਾਲ ਪ੍ਰਕਾਸ਼ਿਤ

ਬਲਬੀਰ ਸਿੰਘ ਸੈਣੀ, 2003

ਪਹਿਲੀ ਵਾਰ = 500 ਕਾਪੀਆਂ

ਮੁੱਖ ਵਿਕਰੇਤਾ - ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ

ਪ੍ਰਿੰਟਰ- ਸ੍ਰੀ ਤਾਜ ਪ੍ਰੈਸ, ਪਟਿਆਲਾ।
ਫੋਨ- 2302751

ਕੀਮਤ - 80 ਰੁਪਏ।

ਪ੍ਰਕਾਸ਼ਕ- ਪੰਜਾਬੀ ਪਬਲੀਕੇਸ਼ਨਜ਼,
412-7 ਜੱਟਾਂ ਵਾਲਾ ਚੌਂਤਰਾ, ਪਟਿਆਲਾ।
ਫੋਨ- 2202740

# ਮੇਰੇ ਗੀਤ

# ਮੇਰੇ ਗੀਤ
# ਤੇਰੇ ਗੀਤ
# ਸਭ ਦੇ ਗੀਤ

*ਅਮਰਜੀਤ ਸਿੰਘ ਸੰਧੂ*

'ਕਵਿਤਾ' ਦਾ ਨਾਮ ਸੁਣ ਕੇ ਕਿਸੇ ਕਵੀ ਦਰਬਾਰ ਦਾ ਖ਼ਿਆਲ ਆਉਂਦਾ ਹੈ। ਦੇਸ਼ ਭਗਤੀ, ਧਾਰਮਿਕ ਜਾਂ ਸਮਾਜਿਕ ਮਸਲੇ 'ਤੇ ਲਿਖੀ ਸ਼ਾਇਰੀ ਦਾ ਖ਼ਿਆਲ ਆਉਂਦਾ ਹੈ, ਭਾਵੇਂ ਕਿ ਕਵਿਤਾ ਨਿਸ਼ਚਿਤ ਵਿਸ਼ਿਆਂ ਵਿਚ ਬੱਝੀ ਨਹੀਂ ਰਹਿੰਦੀ। ਇਵੇਂ ਹੀ ਭਾਵੇਂ ਸਮਕਾਲੀ ਗ਼ਜ਼ਲ ਜੀਵਨ ਦੇ ਹਰ ਪਹਿਲੂ ਨੂੰ ਆਪਣੇ ਦਾਮਨ ਵਿਚ ਸਮੋਈ ਬੈਠੀ ਹੈ, ਫਿਰ ਵੀ ਗ਼ਜ਼ਲ ਦਾ ਨਾਮ ਸੁਣ ਕੇ ਕਿਸੇ ਸੂਖਮ ਭਾਵੀ ਮਹਿਫ਼ਿਲ ਦੀ ਅਨੁਭੂਤੀ ਹੁੰਦੀ ਹੈ। ਚਾਹੇ ਉਹ ਮਹਿਫ਼ਿਲੇ-ਯਾਰਾਂ ਹੋਵੇ ਤੇ ਚਾਹੇ ਮਹਿਫ਼ਿਲੇ ਦਰਬਾਰਾਂ। ਪਰ 'ਗੀਤ' ਦਾ ਨਾਮ ਸੁਣ ਕੇ ਹਿਰਦਾ ਸਾਰੀ ਕਾਇਨਾਤ ਜਿੰਨਾ ਵਿਸ਼ਾਲ ਹੋ ਜਾਂਦਾ ਹੈ। ਗੀਤ ਆਪਣੇ ਆਪ ਵਿਚ ਡੁੱਬਦੀ ਸੁਹਣੀ ਦੀ ਵੇਦਨਾ ਹੀ ਨਹੀਂ, ਬਲਕਿ ਹਰ ਦੌਰ ਦੇ ਚਾਵਾਂ ਨੂੰ ਜੇ ਕੋਈ ਵਿਧਾ ਹੂ ਬ ਹੂ ਸਾਕਾਰ ਕਰ ਸਕਦੀ ਹੈ ਤਾਂ ਉਹ ਗੀਤ ਹੀ ਹਨ। ਗੀਤਾਂ ਵਿਚੋਂ ਗਿੜਦੇ ਖੂਹਾਂ ਦਾ ਸੰਗੀਤ, ਆਡਾਂ ਵਿਚ ਵਗਦੇ ਪਾਣੀਆਂ ਦੀ ਕਲ-ਕਲ, ਖੇਤੀ ਭੱਤਾ ਲੈ ਕੇ ਜਾਂਦੀ ਨਵ ਵਿਆਹੀ ਗੋਰੀ ਦੀਆਂ ਝਾਂਜਰਾਂ ਦੀ ਛਣ ਛਣ, ਕੱਚ ਦੀਆਂ ਚੂੜੀਆਂ ਦੀ ਸ਼ਰਾਰਤ ਦੀ ਟੁਣਕਾਰ, ਚਰਖੇ ਦੀ ਘੂਕ, ਅਲਗੋਜਿਆਂ ਦੀ ਹੂਕ ਤੇ ਪਤਾ ਨਹੀਂ ਹੋਰ ਕੀ ਕੀ ਉਭਰ-ਉਭਰ ਉਛਲ ਉਛਲ ਪੈਂਦਾ ਹੈ। ਗੀਤਾਂ ਵਿਚ ਸਾਡਾ ਸਾਰਾ ਇਤਿਹਾਸ, ਮਿਥਿਹਾਸ, ਸੱਭਿਆਚਾਰ, ਸ਼ਿਸ਼ਟਾਚਾਰ, ਲਟ ਲਟ ਕਰਦੀ ਜਵਾਨੀ ਤੇ ਫੁੱਟ ਫੁੱਟ ਪੈਂਦਾ ਪਿਆਰ ਇਸ ਤਰ੍ਹਾਂ ਸਾਡੇ ਸਾਹਮਣੇ ਸਾਕਾਰ ਹੋ ਜਾਂਦਾ ਹੈ ਕਿ ਚਿੱਤ ਗੀਤ-ਗੀਤ ਹੋ ਜਾਂਦਾ ਹੈ।

ਗੀਤਾਂ ਵਿਚੋਂ ਸਾਡੇ ਜਜ਼ਬਾਤ ਕਦੀ ਝਰਨੇ ਬਣ ਬਣ ਝਰਦੇ ਹਨ, ਕਦੇ ਫੁਹਾਰੇ ਬਣ ਬਣ ਉਛਲਦੇ ਹਨ। ਕਦੀ ਹਰੇ ਕਚੂਰ ਬਰਸੀਨ, ਤੇ ਪਈ ਤਰੇਲ ਬਣ ਬਣ ਅੱਖਾਂ ਠਾਰਦੇ ਹਨ ਤੇ ਕਦੀ ਜੋਬਨ ਦੀ ਜਵਾਲਾ ਬਣ ਨਿੱਘ ਵੀ ਦਿੰਦੇ ਹਨ ਤੇ ਸੇਕ ਵੀ। ਹਾੜ੍ਹ ਦੀਆਂ ਲੂਆਂ ਵਿਚ ਆਪਣੇ ਖੇਤਾਂ ਵਿਚ ਕਹੀ ਵਾਹੁੰਦਾ ਗੱਭਰੂ ਜ਼ਰਾ ਲੱਕ ਸਿੱਧਾ ਕਰਦਾ ਹੈ ਤੇ ਨਾਲ ਹੀ ਇਕ ਹੇਕ ਲਾਉਂਦਾ ਹੈ-

ਚਿੱਤ ਠਰ ਜਾਏ ਹਾੜ੍ਹ ਵਿਚ ਹਾੜ੍ਹਾ
ਹਿੱਕ ਨਾਲ ਲੱਗ ਗੋਰੀਏ।

ਤਾਂ ਉਸ ਵੇਲੇ ਉਸ ਦੀ ਮਨੋਦਸ਼ਾ ਨੂੰ ਕੇਵਲ ਕੋਈ ਗੀਤ ਹੀ ਸਾਕਾਰ ਕਰ ਸਕਦਾ ਹੈ। ਇਹ ਅੰਤਾਂ ਦੀ ਬੇਬਾਕੀ ਨਾ ਤਾਂ ਗ਼ਜ਼ਲ ਦੇ ਸੁਭਾਅ ਦੇ ਅਨੁਕੂਲ ਹੈ ਤੇ ਨਾ ਹੀ ਨਜ਼ਮ ਦੇ।

ਗੀਤ ਸਾਡੀ ਰੂਹ ਦੀ ਵੇਦਨਾ ਹੁੰਦੇ ਹਨ। ਮੂੰਹ ਜ਼ੋਰ ਵਲਵਲਿਆਂ ਦੇ ਵਹਾਅ ਨੂੰ ਕੇਵਲ ਗੀਤਾਂ ਦੇ ਦਰਿਆ ਹੀ ਆਪਣੇ ਵਿਚ ਸਮੋ ਸਕਣ ਦੇ ਸਮਰੱਥ ਹੁੰਦੇ ਹਨ, ਖ਼ਾਸ

ਕਰਕੇ ਅੱਲ੍ਹੜ ਮੁਟਿਆਰਾਂ ਤੇ ਅਲੂਏ ਗੱਭਰੂਆਂ ਦੇ ਜ਼ਜ਼ਬਿਆਂ ਨੂੰ ਗੀਤਾਂ ਦੀ ਕਲਵਲ-ਕਲਵਲ ਹਾਣ-ਪਰਵਾਨ ਬਣ ਕੇ ਟੱਕਰਦੀ ਹੈ। ਗੀਤਾਂ ਨੂੰ ਕਿਸੇ 'ਪਿੰਗਲ' 'ਅਰੂਜ਼ਾਂ' ਦੀ ਬਹੁਤੀ ਮੁਥਾਜੀ ਨਹੀਂ ਝੱਲਣੀ ਪੈਂਦੀ। ਇਹ ਤਾਂ, ਜਦ ਜ਼ਜ਼ਬਿਆਂ ਦੀ ਬਰਸਾਤ ਹੁੰਦੀ ਹੈ, ਬਰਸਾਤੀ ਨਦੀ ਵਾਂਗ ਆਪਣਾ ਰਾਹ ਆਪ ਹੀ ਬਣਾਉਂਦੇ ਤੁਰੇ ਜਾਂਦੇ ਹਨ। ਗੀਤਾਂ ਦੇ ਵਹਾਅ ਅੱਗੇ ਕੋਈ ਤਕਨੀਕੀ ਪੱਥਰ ਅੜ ਖਲੋਣ ਦੀ ਹਿਮਾਕਤ ਭਰੀ ਜ਼ੁਰਅਤ ਨਹੀਂ ਕਰ ਸਕਦਾ। ਗੀਤਾਂ ਦੀਆਂ ਕੋਈ ਨਿਸ਼ਚਿਤ ਬਹਿਰਾਂ ਜਾਂ ਛੰਦ ਨਹੀਂ ਹੁੰਦੇ। ਗੀਤ ਤਾਂ ਆਪ ਹੀ ਛੰਦ ਸਿਰਜਦੇ ਅਤੇ ਬਹਿਰਾਂ ਬਣਾਉਂਦੇ ਜਾਂਦੇ ਹਨ। ਗੀਤਾਂ ਦੀ ਰਵਾਨੀ ਦਾ ਸਾਹਿਤ ਵਿੱਚ ਕੋਈ ਜਵਾਬ ਨਹੀਂ ਹੈ।

ਉਪਰੋਕਤ ਲਫ਼ਜ਼ਾਂ ਨੂੰ ਜੇ ਗੀਤਾਂ ਦੀ ਪ੍ਰੀਭਾਸ਼ਾ ਮੰਨ ਲਿਆ ਜਾਵੇ ਤਾਂ ਬਲਬੀਰ ਸਿੰਘ ਸੈਣੀ ਦੇ ਗੀਤ ਇਸ ਪ੍ਰੀਭਾਸ਼ਾ 'ਤੇ ਐਨ ਖਰੇ ਉਤਰਦੇ ਦਿਸਣਗੇ। ਬਲਬੀਰ ਦੇ ਗੀਤ, ਲੋਕ ਗੀਤਾਂ ਦੇ ਹਾਣ ਦੇ ਹੋ ਹੋ ਬਹਿੰਦੇ ਦਿਸਦੇ ਹਨ। ਬਲਬੀਰ ਦੇ ਗੀਤਾਂ ਵਿਚ, ਨਾ ਤਾਂ ਸ਼ਬਦਾਂ ਵਿਚ ਅੱਜ ਕੱਲ੍ਹ ਦੇ 'ਕੈਸਟ-ਕਲਚਰ' ਵਾਲੀ ਬੇਹਾਯਾਈ ਨਜ਼ਰ ਆਉਂਦੀ ਹੈ ਤੇ ਨਾ ਹੀ ਭਾਵਾਂ ਵਿਚ ਲਚਰਤਾ। ਇਹ ਸਾਫ਼ ਸੁਥਰੇ ਗੀਤ ਕਿਸੇ ਵੀ ਘਰ ਵਿਚ ਸਾਰਾ ਪਰਿਵਾਰ ਇਕੱਠਿਆ ਬੈਠ ਕੇ ਪੜ੍ਹ ਸਕਦਾ ਹੈ। ਭਾਵੇਂ ਰਿਕਾਰਡ ਹੋ ਕੇ ਘਰਾਂ ਦੇ ਬਨੇਰਿਆਂ 'ਤੇ ਵੱਜਣਾ ਇਹਨਾਂ ਦਾ ਨਸੀਬ ਨਾ ਬਣ ਸਕੇ ਕਿਉਂਕਿ ਅੱਜਕੱਲ੍ਹ ਬਨੇਰਿਆਂ 'ਤੇ ਵੱਜਣ ਵਾਸਤੇ 'ਕੋਠਿਆਂ' ਵਰਗੀ ਬੇਸ਼ਰਮੀ ਇਕ ਜ਼ਰੂਰੀ ਸ਼ਰਤ ਬਣ ਚੁੱਕੀ ਹੈ। ਬਲਬੀਰ ਮੁੱਖ ਰੂਪ ਵਿਚ ਮੁਹੱਬਤ ਦਾ ਬੁਲਾਰਾ ਹੈ। ਮੁਹੱਬਤ ਵਿਚ ਉਸਨੇ ਵੀ ਕਈ ਸੁਪਨੇ ਸੰਜੋਏ ਹੋਣਗੇ। ਤਾਂ ਹੀ ਤਾਂ ਉਹ ਐਸੀ ਤਮੰਨਾ ਕਰਦਾ ਹੈ-

ਦੁਨੀਆਂ ਦੀ ਹਰ ਇੱਕ ਸ਼ੈਅ ਅਪਣੀ, ਅਪਣਾ ਚਾਰ-ਚੁਫ਼ੇਰਾ।
ਤੇਰਾ ਸਭ ਕੁੱਝ ਮੇਰਾ ਹੋਵੇ, ਮੇਰਾ ਸਭ ਕੁਝ ਤੇਰਾ।
ਸੱਜਰੇ ਫੁੱਲਾਂ ਵਾਂਗੂੰ ਮਹਿਕੇ, ਤੇਰੀ ਮੇਰੀ ਪ੍ਰੀਤ।
ਆ ਮੀਤੋ! ਆਪਾਂ ਬਣ ਜਾਈਏ, ਇਕ ਦੂਜੇ ਦੇ ਮੀਤ!

ਬਲਬੀਰ ਨੇ ਜੋ ਸਾਰੀ ਜ਼ਿੰਦਗੀ ਰੱਜ ਕੇ ਵਿਸਾਲ ਮਾਣਿਆ ਹੈ ਤਾਂ ਹਿਜ਼ਰ ਦੇ ਮਾਰੂਥਲ ਵਿਚ ਉਹ ਨੰਗੇ ਪੈਰੀਂ ਕੋਈ ਘੱਟ ਨਹੀਂ ਭਟਕਿਆ। ਉਹ ਆਪਣੇ ਸੱਜਣ ਦੇ ਵਿਛੋੜੇ ਦੀ ਅਸਹਿ ਪੀੜ ਵਿਆਕੁਲਤਾ ਨਾਲ ਪ੍ਰਗਟ ਕਰਦਾ ਹੈ,

ਸੱਜਣਾ ਵੇ! ਮੈਂ ਕਿੱਦਾਂ ਪੀੜ ਹੰਢਾਵਾਂ?
ਦਿਲ ਕਰਦਾ ਏ, ਫਾਹਾ ਲੈ ਲਾਂ,
ਜਾਂ ਕੁਝ ਖਾ, ਮਰ ਜਾਵਾਂ।

ਬਿਰਹਾ ਦਾ ਦਰਦਾ ਬਿਆਨਣ ਵਿਚ ਉਸ ਨੂੰ ਖ਼ਾਸ ਮੁਹਾਰਤ ਹਾਸਿਲ ਹੈ-

ਲੂੰ ਲੂੰ ਮੇਰਾ ਤੜਪੇ ਮਹਿਰਮ! ਅੰਗ ਅੰਗ ਪੈਣ ਤਰਾਟਾਂ।
ਕੱਚ-ਕਚੂਰ ਜਿਹਾ ਤਨ ਸਾੜਨ, ਹਿਜਰ ਤੇਰੇ ਦੀਆਂ ਲਾਟਾਂ।
ਮੈਂ ਚੰਬੇ ਦੀ ਕਲੀ ਹਾਣੀਆਂ, ਬਾਲਣ ਬਣ ਬਣ ਜਾਵਾਂ।
ਸੱਜਣਾ! ਤੁਧ ਬਿਨ ਦਿਲ ਦਾ ਦੁਖੜਾ, ਕਿਸ ਨੂੰ ਖੋਲ੍ਹ ਸੁਣਾਵਾਂ।

ਆਪਣੇ ਮਹਿਰਮ ਦੀ ਤੱਤਾ ਚਸ਼ਮੀਂ ਤੋਂ ਸ਼ਾਇਰ ਦਾ ਲੂੰ ਲੂੰ ਦੁਖੀ ਹੈ-

ਕਦੇ ਹਾਸੇ ਦੀਆਂ ਛਣਕਾਰਾਂ ਸਨ, ਹੁਣ ਦਰਦਾ ਕੀਰਨੇ ਪਾਉਂਦਾ ਹੈ।
ਜੋ ਨੇੜੇ ਢੁੱਕ-ਢੁੱਕ ਬਹਿੰਦਾ ਸੀ, ਹੁਣ ਤੱਕਣੋਂ ਵੀ ਘਬਰਾਉਂਦਾ ਹੈ।
ਜਿਸ ਦੁਨੀਆਂ ਮੇਰੀ ਵਸਾਈ ਸੀ, ਉਹ ਦੁਨੀਆਂ ਨਵੀਂ ਵਸਾ ਬੈਠਾ।
ਮੈਂ ਭੁੱਲਿਆ ਭੁੱਲ ਭੁਲੇਖੇ ਵਿਚ, ਬਸ ਪਿਆਰ ਤੇਰੇ ਨਾਲ ਪਾ ਬੈਠਾ।

ਇਸ ਛੋਟੀ ਜਿਹੀ ਦੁਨੀਆਂ ਵਿਚ ਹੀ ਵਿੱਛੜੇ ਸੱਜਣ ਪਤਾ ਨਹੀਂ ਕਿੱਥੇ ਜਾ ਲੁਕਦੇ ਹਨ ਕਿ ਫਿਰ ਜੀਵਨ-ਭਰ ਉਹਨਾਂ ਦੇ ਮੁੱਖੜੇ ਦੀ ਇਕ ਝਲਕ ਵੀ ਵੇਖਣ ਨੂੰ ਨਹੀਂ ਮਿਲਦੀ-

ਤੂੰ ਕਿੱਦਾਂ ਹੈ, ਤੂੰ ਕਿੱਥੇ ਹੈਂ, ਕਦੀ ਤਾਂ ਦੱਸਿਆ ਹੁੰਦਾ।
ਕਦੇ ਕੋਈ ਸੁਨੇਹਾ ਹੀ, ਕਿਸੇ ਹੱਥ ਘੱਲਿਆ ਹੁੰਦਾ।
ਕਿਸੇ ਤੋਂ ਵੀ ਨਹੀਂ ਸੁਣਿਆ, ਕਿ 'ਉਹ ਤੈਨੂੰ ਬੁਲਾਂਦਾ ਹੈ।'
ਮੇਰੇ ਵਿਛੜੇ ਹੋਏ ਸੱਜਣਾ, ਤੇਰਾ ਚੇਤਾ ਸਤਾਂਦਾ ਹੈ।

ਵੇਖੋ, ਵਿਛੜੇ ਦਿਲਬਰ ਲਈ ਸ਼ਾਇਰ ਮਨ ਕਿਵੇਂ ਬਿਹਬਲ ਹੋਇਆ ਪਿਆ ਹੈ-

ਤੇਰਾ ਪਿਆਰ ਮੇਰੀ ਜਿੰਦ, ਮੇਰੀ ਜਾਨ ਚੰਨਿਆ।
ਮੇਰੇ ਦਿਲ ਦਾ ਤੂੰ ਸ਼ਾਹੀ-ਸੁਲਤਾਨ ਚੰਨਿਆ।
ਤੂਹੀਉਂ ਰੰਗ ਅਤੇ ਰੂਪ, ਤੂਹੀਉਂ ਰਬ ਦਾ ਸਰੂਪ,
ਤੂਹੀਉਂ ਆਸਮਾਂ ਤੇ ਤੂੰ ਹੀ ਜਲ-ਥਲ ਹਾਣੀਆਂ।
ਨਾ ਆਉਣ ਦੀ ਹੈ ਦੱਸ ਕਿਹੜੀ ਗੱਲ ਹਾਣੀਆ?

ਵਿਛੋੜੇ ਵਿਚ ਦੁਖੀ ਹੋਇਆ ਮਨ ਬੜੀ ਛੇਤੀ ਬੇ-ਤੁਕੇ ਵਹਿਮਾਂ-ਭਰਮਾਂ ਦਾ ਵਿਸ਼ਵਾਸੀ ਹੋ ਜਾਂਦਾ ਹੈ ਪਰ ਆਖ਼ਿਰ ਵਹਿਮ-ਭਰਮ ਤਾਂ ਝੂਠੇ ਸਾਬਤ ਹੋ ਹੀ ਜਾਣੇ ਹੁੰਦੇ ਹਨ, ਸੋ ਹੋ ਜਾਂਦੇ ਹਨ। ਤਾਂ ਹੀ ਤਾਂ ਸ਼ਾਇਰ ਕਹਿੰਦਾ ਹੈ-

ਸੋਚਾਂ ਵਿਚ ਰਾਤ ਲੰਘਦੀ, ਖਾਵੇ ਦਿਨ ਵਿਚ ਸੁੰਨਾ ਸੁੰਨਾ ਵਿਹੜਾ।
ਕਹਿੰਦੇ ਹੁੰਦੇ, 'ਕੋਈ ਆਵੇਗਾ, ਜਦੋਂ ਹੱਥ 'ਚੋਂ ਬੁੜਕਦਾ ਪੇੜਾ।'
ਝੂਠ ਹੋਈਆਂ ਗੱਲਾਂ ਸਾਰੀਆਂ, ਐਵੇਂ ਲੋਕਾਂ ਨੇ ਕਹਾਣ ਇਹ ਬਣਾਇਆ।

ਸ਼ਾਇਰ ਆਪਣੇ ਪਿਆਰ ਦੀ ਨਾਕਾਮੀ ਅਤੇ ਪ੍ਰੀਤਮ ਦੀ ਬੇਰੁਖ਼ੀ ਨੂੰ ਵੀ ਕੋਈ ਦੋਸ਼ ਨਹੀਂ ਦਿੰਦਾ, ਸਗੋਂ ਇਹ ਕਹਿ ਕੇ ਆਪਣੇ ਆਪ ਨੂੰ ਧਰਵਾਸ ਦੇ ਲੈਂਦਾ ਹੈ-

ਆਪਣੀ ਆਪਣੀ ਕਿਸਮਤ ਹੈ ਇਹ,
ਇਹ ਤਾਂ ਆਪਣੇ ਭਾਗ ਨੇ ਯਾਰਾ।

ਕੋਈ ਕਿਸੇ ਦੀ ਅੱਖ ਦਾ ਕੰਕਰ,
ਕੋਈ ਕਿਸੇ ਦੀ ਅੱਖ ਦਾ ਤਾਰਾ।
ਕਿਸੇ ਨੂੰ ਨਫ਼ਰਤ ਮਿਲੀ ਹਮੇਸ਼ਾ,
ਕਿਸੇ ਨੇ ਹਰ ਦਮ ਪਿਆਰ ਹੰਢਾਇਆ।
ਮੇਰੇ ਲੇਖੀਂ ਤਾਂ ਬਿਧ-ਮਾਤਾ,
ਧੁਰ ਤੋਂ ਹੀ ਗ਼ਮ ਹੈ ਲਿਖਵਾਇਆ।

ਸਦੀਵੀ ਵਿਛੋੜਾ ਦੇ ਗਏ ਮਹਿਰਮ ਨੂੰ ਸੰਬੋਧਤ ਹੁੰਦਿਆਂ ਹੋਇਆਂ ਸ਼ਾਇਰ ਕਿਵੇਂ ਖ਼ੂਨ ਦੇ ਅੱਥਰੂ ਰੋਂਦਾ ਹੈ-

ਜ਼ਖ਼ਮੀ ਜ਼ਖ਼ਮੀ ਦਿਲ ਹੈ, ਅੱਖਾਂ ਖ਼ੂਨ ਦੇ ਅੱਥਰੂ ਰੋਵਣ।
ਕੀ ਕਰਨੇ ਤੇਰੀ ਮੜ੍ਹੀ ਦੇ ਮੇਲੇ, ਹੋਵਣ ਜਾਂ ਨਾ ਹੋਵਣ।
ਲੱਭਣੀ ਨਹੀਂ ਕਿਧਰੋਂ ਵੀ ਤੇਰੇ, ਹਾਸਿਆਂ ਦੀ ਖ਼ੁਸ਼ਬੋਈ।
ਯਾਰਾ! ਤੇਰੇ ਤੁਰ ਜਾਵਣ 'ਤੇ ਦੁਨੀਆਂ ਏਦਾਂ ਰੋਈ।
ਜਿੱਦਾਂ ਹਰ ਇਕ ਘਰ ਦੇ ਅੰਦਰ, ਮਰਿਆ ਹੋਵੇ ਕੋਈ।

ਕਿਸੇ ਵੀ ਦੇਸ਼ ਦਾ ਸ਼ਾਸਨ ਜਦੋਂ ਲੋਕਾਂ ਪ੍ਰਤੀ ਸੁਹਿਰਦ ਅਤੇ ਨਿਯਮ-ਬੱਧ ਨਾ ਰਹਿ ਜਾਵੇ ਤਾਂ ਇਸ ਦਾ ਖ਼ਮਿਆਜ਼ਾ ਆਵਾਮ ਨੂੰ ਹੀ ਭੁਗਤਣਾ ਪੈਂਦਾ ਹੈ। ਸਾਡੇ ਦੇਸ਼ ਦੀ ਵਧ ਰਹੀ ਜਨ-ਸੰਖਿਆ, ਗਰੀਬੀ ਅਤੇ ਬੇ-ਰੁਜ਼ਗਾਰੀ ਵੀ ਦੇਸ਼ ਦੇ ਸ਼ਾਸਕਾਂ ਦੀ ਬੇਈਮਾਨੀ ਦੀ ਹੀ ਦੇਣ ਹੈ ਜੋ ਇੱਥੋਂ ਦੇ ਗੱਭਰੂਆਂ ਨੂੰ ਵਿਦੇਸ਼ ਜਾ ਕੇ ਦਾਨਾ-ਦੁਣਕਾ ਚੁਗਣ ਵੱਲ ਮੱਲੋ-ਮੱਲੀ ਖਿੱਚੀ ਜਾ ਰਹੀ ਹੈ, ਜਿੱਥੇ ਪੌਂਡ-ਡਾਲਰ ਤਾਂ ਬਹੁਤ ਹਨ ਪਰ ਪਿਆਰ ਨਹੀਂ, ਮੋਹੀ ਨਹੀਂ, ਆਪਣਾ ਸੱਭਿਆਚਾਰ ਨਹੀਂ। ਪੌਂਡਾਂ ਡਾਲਰਾਂ ਦੀ ਲਾਲਸਾ ਵੱਸ ਲੋਕਾਂ ਨੇ ਕਿੰਨੀਆਂ ਹੀ ਜਵਾਨੀਆਂ ਦੀਆਂ ਜਵਾਨ ਰੀਝਾਂ ਦੀ ਬਲੀ ਚੜ੍ਹਾ ਛੱਡੀ ਹੈ, ਇਸ ਭਾਵਨਾ ਨੂੰ ਸਾਕਾਰ ਕਰਦੇ ਗੀਤ ਦਾ ਇਕ ਅੰਤਰਾ ਵੇਖੋ-

ਭਲਾ ਇੰਜ ਕੌਣ ਕਰਦੈ, ਜਾ ਕੇ ਫੇਰ ਨਾ ਕਦੀ ਫੇਰਾ ਪਾਵੇ।
ਅੰਬਾਂ ਵਾਲੀ ਭੁੱਖ ਅੰਮੀਏਂ, ਕਿੱਦਾਂ ਕੋਈ ਨੀ ਅੰਬਾਕੜੀ ਮਿਟਾਵੇ।
ਤੂੰ ਵੀ ਮਾਏਂ ਪੌਂਡ ਵੇਖ ਲਏ, ਮੇਰੀ ਵੇਖੀ ਨਾ ਤੂੰ ਅੱਥਰੀ ਜਵਾਨੀ।
ਓਸ ਸੁਹਣੇ ਮਾਹੀ ਦੇ ਬਿਨਾ, ਕੀਹਦੇ ਲਈ ਮੈਂ ਸ਼ਿੰਗਾਰਨੀ ਜਵਾਨੀ।

ਪਿਆਰ ਦੀ ਇਕ ਕਿਸਮ ਨਹੀਂ ਹੈ। ਪਿਆਰ ਤਾਂ ਹਰ ਸ਼ੈਅ ਵਾਸਤੇ ਹੈ ਤੇ ਉਸ ਦੀ ਆਪਣੀ ਵੱਖਰੀ ਪਹਿਚਾਣ ਹੁੰਦੀ ਹੈ। ਵੱਖਰੀ ਪਵਿੱਤਰਤਾ ਹੁੰਦੀ ਹੈ। ਫਿਰ ਇਹ ਵੀ ਹੈ ਕਿ ਜਿਹੜਾ ਦਿਲ ਪਿਆਰ ਕਰਦਾ ਹੈ, ਉਹ ਸਭ ਨੂੰ ਹੀ ਪਿਆਰ ਕਰਦਾ ਹੈ। ਪਿਆਰ ਭਰਿਆ ਦਿਲ ਕਿਸੇ ਵਾਸਤੇ ਵੀ ਨਫ਼ਰਤ ਦਾ ਇਜ਼ਹਾਰ ਨਹੀਂ ਕਰ ਸਕਦਾ। ਇਸੇ ਲਈ ਸ਼ਾਇਰ ਵੀ ਨਾ ਸਿਰਫ ਆਪਣੇ ਮਹਿਬੂਬ ਨੂੰ ਹੀ ਪਿਆਰ ਕਰਦਾ ਹੈ, ਸਗੋਂ ਆਪਣੇ ਵਤਨ ਨੂੰ ਵੀ ਅੰਤਾਂ ਦਾ ਪਿਆਰ ਕਰਦਾ ਹੈ। ਇਸ ਦਾ ਇਜ਼ਹਾਰ ਉਹ ਕੁਝ ਐਸੇ ਲਫ਼ਜ਼ਾਂ ਰਾਹੀਂ ਕਰਦਾ ਹੈ, ਜਿਨ੍ਹਾਂ ਵਿਚੋਂ ਆਪਣੇ ਦੇਸ਼ ਦੇ ਸੱਭਿਆਚਾਰ ਦੀ ਮੁਹੱਬਤ ਵੀ ਫੁੱਟ ਫੁੱਟ ਪੈਂਦੀ ਹੈ-

ਭੰਗੜੇ ਪਾਂਦੇ ਗੱਭਰੂ ਏਥੇ, ਤੇ ਗਿੱਧੇ ਮੁਟਿਆਰਾਂ।
ਟੱਪੇ, ਢੋਲੇ, ਲੋਕ-ਬੋਲੀਆਂ, ਨਾਲ ਗਾਂਵਦੇ ਵਾਰਾਂ।
ਮਸਤੀ ਦੇ ਵਿਚ ਨੱਚ, ਪਾ ਦਿੰਦੇ ਮੌਸਮ ਦੇ ਵਿਚ ਜਾਨ।
ਵਾਹ ਵਾਹ ਦੇਸ਼ ਪੰਜਾਬ ਅਸਾਡਾ, ਵਾਹ ਵਾਹ ਹਿੰਦੋਸਤਾਨ।
ਇਨ੍ਹਾਂ ਹਰ ਇਕ ਜ਼ੱਰੇ ਉਤੇ ਜਾਂਦੇ ਹਾਂ ਕੁਰਬਾਨ।

ਆਪਣੇ ਵਤਨ ਨੂੰ ਪਿਆਰ ਕਰਨ ਵਾਲੇ ਇਨਸਾਨ ਵਾਸਤੇ ਸਭ ਤੋਂ ਮਨਹੂਸ ਘੜੀ ਉਹ ਹੁੰਦੀ ਹੈ ਜਦੋਂ ਉਸ ਦੇਸ਼ ਦੇ ਲੋਕ, ਜਿਹੜੇ ਕਿ ਸਕੇ ਭਰਾਵਾਂ ਵਾਂਗ ਰਹਿ ਰਹੇ ਹੋਣ, ਉਹੀ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਜਾਣ। ਇਹੋ ਜਿਹੇ ਦੌਰ ਦੀ ਯਾਦ ਵਜੋਂ ਆਉ ਬਲਬੀਰ ਦੇ ਗੀਤ ਦਾ ਇਕ ਅੰਤਰਾ ਵਾਚੀਏ, ਜਿਸ ਤੋਂ ਪਤਾ ਲੱਗੇਗਾ ਕਿ ਸ਼ਾਇਰ ਨੇ ਉਸ ਕਾਲੇ ਦੌਰ ਨੂੰ ਕਿੰਨੀ ਸ਼ਿੱਦਤ ਨਾਲ ਮਹਿਸੂਸ ਕੀਤਾ ਸੀ-

ਹਰ ਘਰ ਅੰਦਰ ਬਣੀਆਂ ਕਬਰਾਂ, ਹਰ ਦਿਲ ਦੇ ਵਿਚ ਮੜ੍ਹੀਆਂ।
ਜਿਹੜੀਆਂ ਕੌਮਾਂ ਘਿਉ-ਖਿਚੜੀ ਸਨ, ਹੁਣ ਸਾਹਵੇਂ ਆ ਖੜ੍ਹੀਆਂ।
ਵਸਦੇ ਰਸਦੇ ਵਿਹੜੇ ਬਣ ਗਏ, ਮਿੱਟੀ ਕਬਰਸਤਾਨਾਂ ਦੀ।
ਮੁੱਕ ਗਿਆ ਨਹੁੰ-ਮਾਸ ਦਾ ਰਿਸ਼ਤਾ, ਬੁੱਧ ਭਿੱਟ ਗਈ ਇਨਸਾਨਾਂ ਦੀ।
ਜਿਸ ਨੂੰ ਵੇਖੋ, ਗੱਲ ਕਰਦਾ ਹੈ, ਤਿਰਸ਼ੂਲਾਂ ਕਿਰਪਾਨਾਂ ਦੀ।

ਬਲਬੀਰ ਦੀ ਕਲਮ ਸਮਕਾਲੀ ਘਟਨਾਵਾਂ ਤੋਂ ਬੇਖ਼ਬਰ ਕਦੀ ਵੀ ਨਹੀਂ ਰਹੀ। ਕਾਰਗਿਲ ਦੀ ਜੰਗ ਵੇਲੇ ਦੀ ਯਾਦ ਨਾਲ ਸਬੰਧਤ ਇਕ ਗੀਤ ਹੈ ਜਿਸ ਵਿਚ ਨਵੀ ਨਵੇਲੀ ਦੁਲਹਣ ਦੀ ਦੁਚਿੱਤੀ ਬੜੀ ਖ਼ੂਬੀ ਨਾਲ ਚਿਤਰੀ ਹੈ-

ਓਥੇ ਕਿਹੜਾ ਫ਼ਰਕ ਹੈ 'ਸੈਣੀ', ਓਥੇ ਕਟਕ ਬਥੇਰਾ ਵੇ।
ਕੁਝ ਦਿਨ ਹੋਰ ਜੇ ਰਹਿ ਜਾਵੇਂਗਾ, ਕੀ ਘਟ ਜਾਣਾ ਤੇਰਾ ਵੇ।
ਇਸ ਚੰਦਰੀ ਨੂੰ ਹਾੜ੍ਹਾ ਚੰਨਿਆ, ਵਖ਼ਤਾਂ ਵਿਚ ਨਾ ਪਾਵੀਂ ਵੇ।
ਨਾ ਜਾਵੀਂ, ਨਾ ਜਾਵੀਂ ਢੋਲਾ, ਨਾ ਜਾਵੀਂ ਵੇ।

ਦੂਜੇ ਪਾਸੇ ਉਹ ਦੇਸ਼ ਪ੍ਰਤੀ ਫ਼ਰਜ਼ ਤੋਂ ਵੀ ਅਵੇਸਲੀ ਨਹੀਂ ਹੁੰਦੀ ਤੇ ਨਾਲ ਲੱਗਦੀ ਹੀ ਕਹਿੰਦੀ ਹੈ-

ਸਾਡਾ ਕੌਮੀ ਫ਼ਰਜ਼ ਹੈ 'ਸੈਣੀ', ਕਰਨੀ ਦੇਸ਼ ਦੀ ਰਾਖੀ।
ਜੇਕਰ ਦੇਸ਼ ਆਜ਼ਾਦ ਹੈ, ਤਾਂ ਹੈ ਦੀਵਾਲੀ-ਵੈਸਾਖੀ।
ਸਭ ਤੋਂ ਉੱਚਾ ਝੂਲੇ ਸਾਡਾ, ਸ਼ਾਨ ਦੇ ਨਾਲ ਫਰੇਰਾ।
ਜਾਹ ਵੇ ਮਾਹੀਆ, ਢੋਲ-ਸਿਪਾਹੀਆ, ਰੱਬ ਰਾਖਾ ਵੇ ਤੇਰਾ।

ਵਤਨ ਵਾਸਤੇ ਕੁਰਬਾਨ ਹੋ ਜਾਣ ਵਾਲਿਆਂ ਯੋਧਿਆਂ ਸਾਹਮਣੇ ਬਲਬੀਰ ਸਦਾ ਨਤ-ਮਸਤਕ ਰਹਿੰਦਾ ਦਿਖਾਈ ਦਿੰਦਾ ਹੈ-

ਜਿਸ ਘਰ ਦਾ 'ਸੈਣੀ' ਜਾਇਆ ਤੂੰ, ਮੈਂ ਉਸ ਦੇ ਸਦਕੇ ਜਾਂਦਾ ਹਾਂ।
ਜਿਸ ਮਾਂ ਨੇ ਤੈਨੂੰ ਜੰਮਿਆ ਹੈ, ਮੈਂ ਉਸ ਨੂੰ ਸੀਸ ਨਿਵਾਂਦਾ ਹਾਂ।
ਸਦੀਆਂ ਤੱਕ ਤੇਰੀ ਸ਼ਹੀਦੀ ਨਾ, ਦੁਨੀਆਂ ਤੋਂ ਭੁਲਾਈ ਜਾਏਗੀ।
ਗਾਥਾ ਤੇਰੀ ਕੁਰਬਾਨੀ ਦੀ, ਸੱਥਾਂ ਵਿਚ ਗਾਈ ਜਾਏਗੀ।

ਅੱਜ ਦੇ ਮਰਦ-ਪ੍ਰਧਾਨ ਸਮਾਜ ਵਿਚ ਜੋ ਭੈੜੀ ਹਾਲਤ ਇਸਤਰੀ ਜਾਤੀ ਦੀ ਹੋ ਰਹੀ ਹੈ। ਉਸ ਬਾਰੇ ਕੋਈ ਸ਼ਾਇਰ ਜੇ ਚੁੱਪ ਰਹੇ ਤਾਂ ਸਮਝਣਾ ਚਾਹੀਦਾ ਹੈ ਕਿ ਉਸ ਦੇ ਦਿਲ ਵਿਚ ਸੂਖ਼ਮ ਅਹਿਸਾਸ ਦੇ ਨਾਮ ਦੀ ਕੋਈ ਚੀਜ਼ ਹੀ ਨਹੀਂ। ਬਲਬੀਰ ਨੇ ਇਸਤਰੀ ਜਾਤੀ ਦੀ ਅਜਿਹੀ ਹਾਲਤ ਬਾਰੇ ਬਹੁਤ ਕੁਝ ਲਿਖਿਆ ਹੈ-

ਧੀਆਂ ਦੇ ਦੁੱਖ ਬੜੇ ਵੇ ਲੋਕਾ!
ਇਕ ਗੱਲ ਦੀਆਂ ਸੌ ਸੌ ਗੱਲਾਂ, ਪਿਆ ਜ਼ਮਾਨਾ ਘੜੇ ਵੇ ਲੋਕਾ!
ਧੀਆਂ ਧਨ ਬੇਗਾਨਾ ਕਹਿੰਦੇ, ਧੀਆਂ ਸਦਾ ਪਰਾਈਆਂ।
ਧੀਆਂ ਗੂੰਗੀਆਂ, ਧੀਆਂ ਬੋਲੀਆਂ, ਧੀਆਂ ਮੱਝੀਆਂ ਗਾਈਆਂ।
ਉਲਟਾ ਅੱਗੋਂ ਮੁੱਲ ਮੰਗਦਾ ਹੈ, ਰੱਸਾ ਜਿਹੜਾ ਫੜੇ ਵੇ ਲੋਕਾ!
ਧੀਆਂ ਦੇ ਦੁੱਖ ਬੜੇ ਵੇ ਲੋਕਾ!

ਦਾਜ ਦੇ ਲੋਭੀਆਂ ਦੀਆਂ ਘਿਨਾਉਣੀਆਂ ਸਾਜ਼ਿਸ਼ਾਂ ਤੋਂ ਡਰਦੀ ਧੀ ਕਿਵੇਂ ਆਪਣੀ ਮਾਂ ਦਾ ਤਰਲਾ ਲੈਂਦੀ ਹੈ-

ਸੱਚ ਹੀ ਸਿਆਣਿਆਂ ਨੇ ਆਖਿਆ ਹੈ, 'ਥਾਓ ਥਾਈਂ
ਹੁੰਦੀਆਂ ਨੇ ਗਊਆਂ ਧੀਆਂ-ਧਿਆਣੀਆਂ।
ਜਿਹਦੇ ਪਿੱਛੇ ਲਾਉ, ਲੱਗ ਜਾਂਦੀਆਂ ਨੇ ਇਹ ਤਾਂ, ਕਦੇ
ਬੋਲੀਆਂ ਨਾ ਰਤਾ ਮਰ ਜਾਣੀਆਂ।
ਪਿਆ ਰਹੇ ਧੀਆਂ ਨੂੰ ਵੀ ਮਾਪਿਆਂ ਦੇ ਵਾਂਗ ਮਾਏਂ,
ਸਦਾ ਹੀ ਚੌਰਾਸੀ ਵਾਲਾ ਗੇੜ।
ਤੋਰੀ ਨਾ ਨੀ ਮਾਏਂ, ਮੈਨੂੰ ਐਹੋ ਜਿਹੇ ਘਰ, ਜਿੱਥੇ
ਲਾਲਚਾਂ ਦੇ ਕੁੱਤਿਆਂ ਦੀ ਹੇੜ।

ਬਲਬੀਰ ਨੇ ਗੀਤਾਂ ਵਿਚ ਜਿੱਥੇ ਵਿਵਿਧ-ਪ੍ਰਕਾਰ ਦੇ ਵਿਸ਼ਿਆਂ ਨੂੰ ਬਾਖ਼ੂਬੀ ਕਲਮ-ਬੱਧ ਕੀਤਾ ਹੈ। ਉੱਥੇ ਉਸ ਦੇ ਗੀਤਾਂ ਦਾ ਕਲਾ ਪੱਖ ਵੀ ਮਾਨਣ-ਯੋਗ ਹੈ। ਭਾਵੇਂ ਬਲਬੀਰ ਸਾਫ ਅਤੇ ਸਪਸ਼ਟ ਗੱਲ ਸਾਦਾ ਲਫ਼ਜ਼ਾਂ ਵਿਚ ਕਹਿਣ ਵਿਚ ਵਿਸ਼ਵਾਸ ਰੱਖਦਾ ਹੈ ਪਰ ਉਸ ਦੀ ਸ਼ਾਇਰੀ ਵਿਚ ਕਲਾਤਮਕ ਉਡਾਰੀਆਂ ਅਤੇ ਕਾਰੀਗਰੀਆਂ ਦੀ ਝਲਕ ਵੀ ਆਮ ਹੀ ਵੇਖਣ ਨੂੰ ਮਿਲ ਜਾਂਦੀ ਹੈ।

ਅਲੰਕਾਰ ਬੇਸ਼ਕ ਸ਼ਾਇਰੀ ਦੇ ਸਰੀਰ ਦੇ ਅੰਗ ਵਜੋਂ ਤਾਂ ਨਹੀਂ ਜਾਣੇ ਜਾਂਦੇ ਪਰ ਇਹ ਸ਼ਾਇਰੀ ਵਾਸਤੇ ਖ਼ੂਬਸੂਰਤ ਜੇਵਰਾਂ ਦੀ ਹੈਸੀਅਤ ਜ਼ਰੂਰ ਰੱਖਦੇ ਹਨ, ਜਿਨ੍ਹਾਂ ਦੀ ਮੌਜੂਦਗੀ ਕਾਵਿ-ਵਹੁਟੀ ਦੇ ਹੁਸਨ ਨੂੰ ਹੋਰ ਵੀ ਲਿਸ਼ਕਾ-ਪੁਸ਼ਕਾ ਕੇ ਚਾਰ ਚੰਨ ਲਾ

ਦਿੰਦੀ ਹੈ। ਬਲਬੀਰ ਦੀ ਸ਼ਾਇਰੀ ਵਿਚ ਅਲੰਕਾਰ ਇਉਂ ਸੁਭਾਵਕ ਹੀ ਜੜੇ ਹੋਏ ਮਿਲਦੇ ਹਨ ਕਿ ਉਹ ਉਸ ਦੀ ਸ਼ਾਇਰੀ ਦਾ ਇਕ ਅਹਿਮ ਹਿੱਸਾ ਬਣਕੇ ਸਾਹਮਣੇ ਆਉਂਦੇ ਹਨ। ਵੇਖੋ ਅਨੁਪ੍ਰਾਸ ਦੀ ਇਕ ਝਲਕ-

ਤੇਰੇ ਦੁੱਖਾਂ ਦਰਦਾਂ ਨੂੰ, ਕਿਹੜਾ ਏਥੇ ਜਾਣੇਗਾ?
ਕਿਹੜਾ ਤੇਰੇ ਹੌਕਿਆਂ ਦੀ 'ਵਾਜ਼ ਨੂੰ ਪਛਾਣੇਗਾ?
'ਦੁੱਖ' ਨਾ ਫਰੋਲ ਐਵੇਂ 'ਦੋਖੀਆ' ਦੇ ਕੋਲ ਵੇ।
ਹਾਰੀ ਸਾਰੀ ਕੋਲ ਦੁੱਖ ਦਿਲ ਦਾ ਨਾ ਫੋਲ ਵੇ।

ਸ਼ਾਇਰੀ ਵਿਚ ਮੁਹਾਵਰੇ, ਲੋਕ-ਉਕਤੀਆਂ ਸ਼ਾਇਰ ਦੇ ਵਿਚਾਰ ਦੀ ਤਾਈਦ ਕਰਦੇ ਹੋਏ ਉਹਨਾਂ ਨੂੰ ਵੀ ਹੋਰ ਜ਼ੋਰਦਾਰ ਕਰ ਦਿੰਦੇ ਹਨ। ਵੇਖੋ ਬਲਬੀਰ ਨੇ ਲੋਕ-ਮੁਹਾਵਰੇ ਨੂੰ ਕਿੰਨੀ ਸੋਹਣੀ ਤਰ੍ਹਾਂ ਆਪਣੇ ਗੀਤ ਦਾ ਜ਼ੇਵਰ ਬਣਾਇਆ ਹੈ। ਅਨੁਪ੍ਰਾਸ ਅਲੰਕਾਰ ਇਸ ਵਿਚ ਵੀ ਜ਼ਿਕਰਯੋਗ ਹੈ-

ਭਲਾ ਇੰਜ ਕੌਣ ਕਰਦੈ,
ਜਾ ਕੇ 'ਫੇਰ' ਨਾ ਕਦੀ 'ਫੇਰਾ' ਪਾਵੇ।
'ਅੰਬਾਂ ਵਾਲੀ ਭੁੱਖ' ਅੰਮੀਏਂ,
ਕਿੱਦਾਂ ਕੋਈ ਨੀ 'ਅੰਬਾਕੜੀ ਮਿਟਾਵੇ।'

ਇਵੇਂ ਹੀ-

ਤੂੰ ਕਿਹੜਾ ਜਾਣਦਾ ਨਹੀਂ,
ਤੈਨੂੰ ਦੱਸਾਂ ਕੀ ਬਰੂਹਾਂ ਵਿਚ ਖੜ ਕੇ।
ਕੱਲੀ-ਕਾਰੀ ਤੀਵੀਂ ਹਾਣੀਆਂ,
ਹਰ ਕਿਸੇ ਦੀਆਂ 'ਅੱਖਾਂ ਵਿੱਚ ਰੜਕੇ।'

ਪੈਂਦਾ ਹੈ ਵੇ 'ਅੱਕ ਚੱਬਣਾ',
ਗੱਲਾਂ ਕਰਦੀ ਏ ਖ਼ਲਕਤ ਸਾਰੀ।
ਵੇ ਕੱਲ੍ਹ ਮੈਂ ਵਿਆਹੀ ਆਈ ਹਾਂ,
ਅੱਜ ਜਾਣ ਦੀ ਤੂੰ ਕਰ ਲਈ ਤਿਆਰੀ।

ਦੇਖੋ ਇਕ ਹੀ ਗੀਤ ਦੇ ਇਕ ਹੀ ਅੰਤਰੇ ਵਿਚ ਕਿੰਨੇ ਸਾਰੇ ਮੁਹਾਵਰੇ ਗੁੰਦੇ ਹੋਏ ਹਨ ਤੇ ਫਿਰ ਕਿੰਨੀ ਉਸਤਾਦੀ ਨਾਲ-

ਤੇਰੀ ਚੰਨਾ ਮਾਂ ਚੰਦਰੀ, ਨਿੱਤ 'ਛੱਜ ਵਿਚ ਪਾ ਕੇ ਮੈਨੂੰ ਛੱਟਦੀ।'
ਗੱਲੇ ਗੱਲੇ ਰਹੇ ਟੋਕਦੀ, ਮੈਨੂੰ 'ਸੂਲੀ ਉੱਤੇ ਸਦਾ ਟੰਗ ਰੱਖਦੀ।'

'ਆਪਣੇ ਉਹ ਦਿਨ ਭੁਲ ਗਈ'
ਜਦੋਂ 'ਲਾ-ਲਾ ਲਾ-ਲਾ ਸਾਰੇ ਸੀ ਕਰਾਇਆ।'
ਵੇ 'ਖੂਹ-ਟੋਭਾ ਗੰਦਾ ਕਰ ਦਊਂ,
ਜੇ ਤੂੰ ਐਤਕੀਂ ਵੀ ਕਹੇ ਤੇ ਨਾ ਆਇਆ।'

ਇਕ ਗੀਤ ਦੇ ਇਕ ਅੰਤਰੇ ਵਿਚ ਸ਼ਾਇਰ ਨੇ ਜਿਵੇਂ 'ਮੁਹਾਵਰੇਦਾਰ ਦੁਹਰਾਉ' ਨਿਭਾਇਆ ਹੈ, ਇਹ ਉਸ ਦੀ ਕਾਵਿ-ਕਲਾ ਦੀ ਪਰਪੱਕਤਾ ਦੀ ਮੂੰਹ ਬੋਲਦੀ ਮਿਸਾਲ ਹੈ-

'ਸਿਆੜ-ਸਿਆੜ' ਵਿਚ ਸਾਡਾ ਡੁੱਲਦਾ ਏ ਖ਼ੂਨ ਵੇ!
'ਬੂਟੇ-ਬੂਟੇ' ਵਿਚ ਸਾਡਾ ਮਿਹਨਤੀ ਜਨੂਨ ਵੇ!
'ਤੀਲ੍ਹੇ-ਤੀਲ੍ਹੇ' ਵਿਚ ਸਾਡੀਆਂ ਆਂਦਰਾਂ ਦਾ ਪਿਆਰ ਵੇ!

ਸਾਹਿਤ ਵਿਚ ਕਿਸੇ ਚੀਜ਼ ਨੂੰ ਕਿਸੇ ਹੋਰ ਚੀਜ਼ ਨਾਲ ਤੁਲਨਾ ਦੇ ਕੇ ਆਪਣਾ ਭਾਵ ਸਪਸ਼ਟ ਕਰਨ ਦਾ ਇਕ ਹੋਰ ਉਸਤਾਦੀ ਦਾਅ ਹੁੰਦਾ ਹੈ। ਇਸ ਨੂੰ 'ਉਪਮਾ-ਅਲੰਕਾਰ' ਜਾਂ 'ਤਸ਼ਬੀਹ' ਦਾ ਨਾਮ ਦਿੱਤਾ ਜਾਂਦਾ ਹੈ। ਤਸ਼ਬੀਹਾਂ ਦੇਣ ਦੀ ਕਲਾ ਬਲਬੀਰ ਨੂੰ ਖ਼ੂਬ ਆਉਂਦੀ ਹੈ-

ਮਾਹੀ ਮੇਰਾ ਜਾਪੇ ਨਿਰਾ 'ਖੰਡ ਦਾ ਖਿਡਾਉਣਾ' ਨੀ।
'ਚੌਧਵੀ ਦਾ ਚੰਨ' ਕਹਿਣ, ਕੁੜੀਆਂ ਪ੍ਰਾਹੁਣਾ ਨੀ।

-0-

ਹਿਜਰ ਤੇਰਾ ਨਿਤ ਮੇਰੇ ਦਿਲ 'ਤੇ, ਛਾਲੇ ਇੰਜ ਬਣਾਂਦਾ।
ਜਿੱਦਾਂ ਕਿਸੇ ਮਲੂਕ ਜਿਸਮ ਤੇ, ਗਰਮ ਤੇਲ ਪੈ ਜਾਂਦਾ।

ਤੇ ਫਿਰ-

ਜਿਉਂ ਸੂਰਜ ਪੱਛਮੋਂ ਨਹੀਂ ਚੜ੍ਹਦਾ, ਚੜ੍ਹਨ ਨਾ ਦਿਨ ਵਿਚ ਤਾਰੇ।
ਜਿਵੇਂ ਸਮੁੰਦਰ ਪੂਰ ਨਾ ਹੁੰਦੇ, ਮਿਲਣ ਨਾ ਜਿਵੇਂ ਕਿਨਾਰੇ।
ਏਦਾਂ ਸਾਡਾ ਮਿਲਣਾ ਹੈ ਕੀਤਾ, ਮਜ਼੍ਹਬਾਂ ਵਾਲੀ ਤਾਣੀ।
ਪਰ ਮੈਂ ਤੇਰੇ ਪਿਆਰ ਦੇ ਲੇਖੇ, ਲਾਈ ਜਿੰਦ ਨਿਮਾਣੀ।

ਉਂਜ ਤਾਂ ਗੀਤਾਂ ਵਿਚ ਹਰ ਵਿਸ਼ਾ ਸਮਾ ਜਾਂਦਾ ਹੈ। ਜਿਸ ਕਾਰਨ ਹਰ 'ਰਸ' ਦੇ ਗੀਤ ਸਾਡੀ ਦ੍ਰਿਸ਼ਟੀ-ਗੋਚਰ ਹੁੰਦੇ ਰਹਿੰਦੇ ਹਨ, ਪਰ 'ਸ਼ਿੰਗਾਰ-ਰਸ' ਨਾਲ ਤਾਂ ਗੀਤਾਂ ਦੀ ਰੂਹ ਦੀ ਸਾਂਝ ਹੈ। ਬਲਬੀਰ ਦੇ ਗੀਤਾਂ ਵਿਚਲਾ 'ਸ਼ਿੰਗਾਰ-ਰਸ' ਪੜ੍ਹਨ,

ਸੁਣਨ ਅਤੇ ਮਾਨਣ ਨਾਲ ਹੀ ਸਬੰਧ ਰੱਖਦਾ ਹੈ-
ਚਾਂਦੀ ਤੋਂ ਵੀ ਚਿੱਟੀਏ ਨੀ, ਮਾਖਿਓ ਤੋਂ ਮਿੱਠੀਏ।
ਤੇਰੇ ਜਿਹੀ ਹੂਰ ਹੋਰ, ਜੱਗ ' ਤੇ ਨਾ ਡਿੱਠੀ ਏ।

ਬੁੱਲ੍ਹ ਤੇਰੇ ਪੱਤੀਆਂ, ਤੇ ਨਜ਼ਰਾਂ ਛਲੇਡੀਆਂ,
ਦੱਸ ਕਿਹਨੂੰ ਫਾਹੁਣ ਲਈ, ਖੇਡਾਂ ਤੂੰ ਇਹ ਖੇਡੀਆਂ।
ਦਹੀਂ ਦੀਏ ਫੁੱਟੀਏ ਨੀ, ਦੁੱਧ ਦੀ ਕਟੋਰੀਏ।
ਭਲਾ ਏਨਾ ਰੂਪ ਕਿੱਥੋਂ ਆਇਆ ਤੈਨੂੰ ਗੋਰੀਏ?

ਗੱਲ ਕਾਫ਼ੀ ਲੰਮੀ ਹੋ ਗਈ। ਉਂਜ ਤਾਂ ਬਲਬੀਰ ਸਿੰਘ ਸੈਣੀ ਦੇ ਗੀਤਾਂ ਅਤੇ ਉਸ ਦੇ ਪਾਠਕਾਂ ਵਿਚਕਾਰ ਇੰਨਾ ਚਿਰ ਵੀ ਖਲੋਣ ਦਾ ਮੈਨੂੰ ਕੋਈ ਹੱਕ ਨਹੀਂ ਸੀ ਪਹੁੰਚਦਾ ਤੇ ਨਾ ਹੀ ਮੇਰੀ ਐਸੀ ਕੋਈ ਮਨਸਾ ਹੀ ਸੀ ਪਰ ਕਈ ਵਾਰ ਇਸ਼ਕ ਨਾਲੋਂ ਵੀ ਮਿੱਠੇ ਗੁੜ ਦੀ ਪੂਰੀ ਰੋੜੀ ਖਾ ਲੈਣ ਨਾਲ ਵੀ ਉਹ ਨਿਸ਼ਾ ਨਹੀਂ ਹੁੰਦੀ, ਜਿਹੜੀ ਗੰਡ ਵਿੱਚੋਂ ਗਰਮ ਗਰਮ ਗੁੜ ਨੂੰ ਉਂਗਲਾਂ ਨਾਲ ਚੱਟਣ 'ਤੇ ਹੋ ਜਾਂਦੀ ਹੈ।

ਬੱਸ ਪਿਆਰੇ ਪਾਠਕੋ! ਹੁਣ ਜ਼ਰਾ ਉਂਗਲਾਂ ਚੱਟ ਲਉ ਤੇ ਪੂਰੀਆਂ ਰੋੜੀਆਂ ਭੰਨ ਭੰਨ ਖਾਈ ਜਾਉ ਅਤੇ ਮਿਠਾਸ ਹੀ ਮਿਠਾਸ ਹੋਈ ਜਾਉ। ਤੁਸੀਂ ਮੇਰੇ ਯਾਰ ਬਲਬੀਰ ਦੀ ਇਸ ਪੇਸ਼ਕਸ਼ ਨੂੰ ਆਪਣੇ ਪਿਆਰ ਨਾਲ ਨਿਵਾਜੋਗੇ, ਐਸਾ ਮੇਰਾ ਵਿਸ਼ਵਾਸ ਹੈ।

ਚੰਗਾ ਬਈ ਬਲਬੀਰ ਵੀਰੇ, 'ਮੇਰੇ ਗੀਤ' ਵਿਚਲੇ 'ਤੇਰੇ ਗੀਤਾ' ਵਾਸਤੇ ਤੈਨੂੰ ਲੱਖ ਲੱਖ ਮੁਬਾਰਕਾਂ।

ਅਮਰਜੀਤ ਸਿੰਘ ਸੰਧੂ
421-ਦਕੋਹਾ
ਜਲੰਧਰ-144023
ਫ਼ੋਨ-94636-13528

26-3-2003

# ਮੈਂ .... ਅਤੇ .... ਮੈਂ (ਸੱਚੋ ਸੱਚ)

*ਬਲਬੀਰ ਸਿੰਘ ਸੈਣੀ*

ਮੇਰਾ ਪਿੰਡ ਕਠਵਾ, ਜਿਲ੍ਹਾ ਕੁਰੂਕੇਸ਼ਤਰ (ਹਰਿਆਣਾ) ਦੇ ਸ਼ਾਹਬਾਦ ਬਲਾਕ ਦੇ ਮਾਰਕੰਡਾ ਦਰਿਆ ਦੇ ਸੱਜੇ ਕਿਨਾਰੇ ਤੇ ਵਸਿਆ ਛੋਟਾ ਜਿਹਾ ਪਿੰਡ ਹੈ। ਕਹਿੰਦੇ ਨੇ ਪਹਿਲਾਂ ਇਸ ਦਾ ਨਾਂ ਫਤਿਹਗੜ੍ਹ ਅੰਟਾਰੀ ਸੀ ਜੋ ਥੇਹ ਹੋ ਗਿਆ ਸੀ। ਪਿੰਡ ਉਜੜ-ਪੁਜੜ ਗਿਆ ਤੇ ਲੋਕ ਇਧਰ ਉਧਰ ਜਾ ਵੱਸੇ। ਕੁਝ ਕੁ ਇੱਥੇ ਹੁਣ ਵਾਲੀ ਥਾਂ ਤੇ ਵੱਸ ਗਏ। ਵੱਢੇ ਕੱਟੇ ਪਿੰਡ ਦਾ ਨਾਂ 'ਕਟਵਾ' ਪੈ ਗਿਆ। ਹੁੰਦਾ ਹੁੰਦਾ ਇਹ ਕਠਵਾ ਪ੍ਰਚੱਲਿਤ ਹੋ ਗਿਆ। ਫਤਿਹਗੜ੍ਹ ਅੰਟਾਰੀ ਕਿਵੇਂ ਤੇ ਕਦੋਂ ਥੇਹ ਹੋਇਆ-ਕੋਈ ਜਾਣਕਾਰੀ ਨਹੀਂ ਮਿਲਦੀ। ਹਾਂ-ਥੇਹ ਹੋਏ ਪਿੰਡ ਵਾਲੀ ਜਗ੍ਹਾ ਭਾਵੇਂ ਹੁਣ ਵਾਹੀਯੋਗ ਜ਼ਮੀਨ ਹੈ ਲੇਕਿਨ ਹਾਲੇ ਵੀ ਉਥੇ ਕੰਕਰਾਂ ਅਤੇ ਡੀਕਰਾਂ ਦਾ ਭੰਡਾਰ ਦਾ ਭੰਡਾਰ ਹੈ ਜਿਵੇਂ ਕਿਤੇ ਘੁਮਿਆਰਾਂ ਦਾ ਮੁਹੱਲਾ ਹੋਵੇ ਤੇ ਉਥੇ ਢੇਰਾਂ ਦੇ ਢੇਰ ਮਿਟੀ ਦੇ ਭਾਂਡੇ ਟੁੱਟੇ ਹੋਣ।

ਬਾਕੀ ਇਲਾਕੇ ਦੀ ਤਰ੍ਹਾਂ, ਬਹੁਤ ਪਛੜਿਆ ਇਲਾਕਾ ਸੀ ਸਾਡਾ ਇਹ। ਨਾ ਕਿਤੇ ਕੋਈ ਸੜਕ ਸੀ ਤੇ ਨਾ ਕੋਈ ਆਵਾਜਾਈ ਦੇ ਸਾਧਨ। ਤੀਜੀ ਚੌਥੀ ਦੇ ਸਕੂਲ ਵੀ ਦੂਰ ਦੁਰਾਡੇ ਕਿਸੇ ਕਿਸੇ ਪਿੰਡ ਸਨ। ਅੱਠਵੀ ਦਸਵੀ ਦਾ ਤਾਂ ਬਹੁਤ ਦੂਰ ਦੂਰ ਕੋਈ ਟਾਵਾਂ ਹੀ ਸਕੂਲ ਸੀ। ਕਿਸੇ ਤਰ੍ਹਾਂ ਰੁਲ ਖੁਲ ਕੇ ਇੰਟਰ ਤਕ ਪੜ੍ਹੇ। ਘਰਦਿਆਂ ਨੇ ਕਦੇ ਨਹੀਂ ਸੀ ਪੁੱਛਿਆ ਕਿ ਸਕੂਲ ਦਾ ਕੰਮ ਕੀਤਾ ਕਿ ਨਹੀਂ। ਕਰ ਲਿਆ ਤਾਂ ਵੀ ਠੀਕ ਨਾ ਕੀਤਾ ਤਾਂ ਵੀ ਠੀਕ। ਸਕੂਲੋਂ ਆਈਂਦਾ ਸੀ ਤਾਂ ਮਾਲ ਡੰਗਰ ਦੇ ਮਗਰ ਤੋਰ ਦਿੰਦੇ। ਅਸੀਂ ਵੀ ਇੰਜ਼ ਹੀ ਖੁਸ਼ ਰਹਿੰਦੇ। ਖੇਤਾਂ ਵਿਚ ਜਾ ਕੇ ਟਿੱਬੀਆਂ ਲਾ ਕੇ ਧੂਹੋ-ਧੂਹ ਲੰਮੀਆਂ ਤੇ ਉੱਚੀਆਂ ਛਾਲਾਂ ਮਾਰਨੀਆਂ। ਜਦੋਂ ਹੰਭ ਹੁੱਟ ਜਾਂਦੇ ਤਾਂ ਮਾਲ-ਡੰਗਰ ਵੀ ਕਿੱਕਰਾਂ ਥੱਲੇ ਖੜ੍ਹੇ ਕਰ ਦਿੰਦੇ ਤੇ ਉੱਚੀ-ਉੱਚੀ ਹੇਕ ਵਿਚ ਹਰਿਆ ਹਰਿਆਣੇ ਦੀਆਂ ਰਾਗਣੀਆਂ ਗਾਉਂਦੇ। ਇਕ ਰਾਗਣੀ ਜਿਹੜੀ ਉਦੋਂ ਬਹੁਤ ਮਸ਼ਹੂਰ ਸੀ-ਅਜੇ ਵੀ ਉਸਦੇ ਕੁਝ ਬੋਲ ਮੇਰੇ ਚੇਤਿਆਂ ਵਿਚ ਉਂਜ ਦੇ ਉਂਜ ਉਕਰੇ ਹੋਏ ਹਨ-

ਨਾਈ ਕੇ ਰੈ ਨਾਈ ਕੇ, ਡਬਰੂਗੜ੍ਹ ਨੈ ਜਾਈਏ।
ਰੂਪਕਲਾ ਨੂੰ ਕਦ ਬਿਆਹਵਾਂਗੇ, ਬਿਆਹ ਕਾ ਬੇਰਾ ਲਿਆਈਏ।

ਚਤਰਸੁਜਾਨ ਮੇਰੇ ਬੇਟੇ ਨੈ, ਕਰ ਲੀ ਖੂਬ ਪੜ੍ਹਾਈ।
ਰੂਪਕਲਾ ਕੇ ਮਾਤ-ਪਿਤਾ ਨੈ, ਜਾ ਕੇ ਕਹਿ ਦੀਏ ਨਾਈ।
ਕਦ ਬਿਆਹਵਾਂਗੇ ਭਾਈ ਰੈ ਤੋ ਸਾਰਾ ਬੂਝ ਕੈ ਆਈਏ।
ਨਾਈ ਕੇ ਰੈ ਨਾਈ ਕੇ......................................।

ਉਦੋਂ ਸਾਝਾ ਪੰਜਾਬ ਹੁੰਦਾ ਸੀ। ਤਿੰਨ ਭਾਸ਼ਾਈ ਫਾਰਮੂਲਾ ਲਾਗੂ ਸੀ। ਇਸ ਤਹਿਤ ਪੰਜਾਬੀ ਸਾਨੂੰ ਛੇਵੀਂ ਵਿਚ ਲੱਗੀ ਤੇ ਅੱਠਵੀਂ ਤਮ ਰਹੀ। ਕੇਵਲ ਤਿੰਨ ਸਾਲ ਕੈਦੇ ਜਾਂ ਬਾਲ-ਪੁਸਤਕਾਂ ਹੀ ਪੜ੍ਹੀਆਂ। ਸਾਡੇ ਇਲਾਕੇ ਵਿਚ ਹੁਣ ਤਕ ਵੀ ਪੰਜਾਬੀ ਨਹੀਂ ਬੋਲੀ ਜਾਂਦੀ। ਮੈਂ ਉਦੋਂ ਥੋੜ੍ਹੀ ਪੰਜਾਬੀ ਪੜ੍ਹਨ ਤਾਂ ਲੱਗ ਗਿਆ ਸਾਂ ਪਰ ਬੋਲਣੀ ਲਿਖਣੀ ਨਹੀਂ ਸੀ ਆਉਂਦੀ।

ਇਹ ਤਾਂ ਸੰਯੋਗ ਦੀ ਗੱਲ ਹੈ ਕਿ 1962 ਵਿਚ ਨੌਕਰੀ ਦੇ ਸਿਲਸਿਲੇ ਵਿਚ ਸਾਂਝੇ ਪੰਜਾਬ ਦੇ ਪੰਜਾਬੀ ਬੋਲਦੇ ਇਲਾਕੇ ਵਿਚ ਪੋਸਟਿੰਗ ਹੋ ਗਈ। ਮੈਨੂੰ ਮਾਰ੍ਹਾ-ਥਾਰ੍ਹਾ ਬੋਲਦੇ ਨੂੰ ਵੇਖ ਕੇ ਮੇਰੇ ਦਫ਼ਤਰ ਦੇ ਸਾਥੀ ਬਹੁਤ ਹੈਰਾਨ ਹੁੰਦੇ ਤੇ ਮੈਨੂੰ ਭਾਵੇਂ ਟੁੱਟੀ ਫੁੱਟੀ ਹੀ ਸਹੀ, ਪੰਜਾਬੀ ਵਿਚ ਗੱਲ ਕਰਨ ਨੂੰ ਪ੍ਰੇਰਦੇ। ਉਹਨੀਂ ਦਿਨੀ ਕਿਸੇ ਸਾਥੀ ਕੋਲ ਜਸਵੰਤ ਸਿੰਘ ਕੰਵਲ ਦਾ ਨਾਵਲ 'ਪੂਰਨਮਾਸ਼ੀ' ਦੇਖਿਆ। ਉਸ ਵਿਚਲੇ ਟੱਪਿਆਂ ਤੇ ਬੋਲੀਆਂ ਨੇ ਧਿਆਨ ਖਿੱਚਿਆ ਤੇ ਉਹ ਨਾਵਲ ਕਿੰਨੇ ਹੀ ਦਿਨਾਂ ਵਿਚ ਹੌਲੀ-ਹੌਲੀ ਪੜ੍ਹਿਆ। ਉਸ ਵਿਚਲੇ ਟੱਪੇ ਤੇ ਬੋਲੀਆਂ ਨੋਟ ਕੀਤੇ। ਸ਼ਾਮ ਨੂੰ ਜਦੋਂ ਮੁੰਡੇ ਖੁੰਡੇ ਇਕੱਠੇ ਹੁੰਦੇ ਤਾਂ ਇਹਨਾਂ ਟੱਪਿਆਂ ਅਤੇ ਬੋਲੀਆਂ ਨੂੰ ਉੱਚੀ-ਉੱਚੀ ਗਾਉਂਦੇ। ਹੋਰ ਅਜਿਹੇ ਨਾਵਲ ਪੜ੍ਹਨ ਦੀ ਇੱਛਾ ਨਾਲ ਸਥਾਨਕ ਗੁਰਦੁਵਾਰਾ 'ਗੁਰਦੁਵਾਰਾ ਘਾਟ ਸਾਹਿਬ' ਦੀ ਲਾਇਬਰੇਰੀ ਦਾ ਮੈਂਬਰ ਬਣਿਆ ਤੇ ਜਸਵੰਤ ਸਿੰਘ ਕੰਵਲ ਅਤੇ ਨਾਨਕ ਸਿੰਘ ਦੇ ਬਹੁਤ ਸਾਰੇ ਨਾਵਲ ਪੜ੍ਹੇ। ਇਕ ਦਿਨ ਉਥੇ ਬੈਠਿਆਂ ਮੇਜ਼ ਤੇ ਪਈ ਈਸ਼ਰ ਸਿੰਘ ਭਾਈਆ ਦੀ ਪੁਸਤਕ ਫਰੋਲੀ। ਇਸ ਕਵਿਤਾ ਨੇ ਮੈਨੂੰ ਖਿੱਚ ਪਾਈ-

ਭਾਈਆ ਜੀ ਜਦ ਜੰਮਣ ਲੱਗੇ, ਨਿੱਛ ਕਿਸੇ ਨੇ ਮਾਰੀ।
ਤਾਹੀਉਂ ਖਸਤਾ ਖਾਰੀ-ਅੰਦਰ, ਸਾਰੀ ਉਮਰ ਗੁਜਾਰੀ।

ਇਸ ਉਪਰੰਤ ਕਿੰਨੀਆਂ ਹੀ ਕਾਵਿ-ਪੁਸਤਕਾਂ ਪੜ੍ਹੀਆਂ, ਜਿਨ੍ਹਾਂ ਵਿਚ ਬਲਦੇਵ ਚੰਦਰ ਬੇਕਲ, ਈਸ਼ਰ ਸਿੰਘ ਭਾਈਆ, ਪ੍ਰੋ. ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ ਆਦਿ ਦੀਆਂ ਪੁਸਤਕਾਂ ਸ਼ਾਮਲ ਸਨ। ਉਦੋਂ ਤਕ ਮੈਨੂੰ ਪੰਜਾਬੀ ਬੋਲਣ, ਪੜ੍ਹਨ ਤੇ ਲਿਖਣ ਵਿਚ ਖਾਸੀ ਮੁਹਾਰਤ ਹੋ ਚੁੱਕੀ ਸੀ। ਉਦੋਂ ਹੀ ਭਾਸ਼ਾ ਵਿਭਾਗ, ਪੰਜਾਬ ਤੋਂ ਦਸਵੀਂ ਦੀ ਪੰਜਾਬੀ (ਪਰੋਫੀਸਿਐਂਸੀ ਪੰਜਾਬੀ) ਦਾ ਇਮਤਿਹਾਨ ਪਾਸੀ ਕੀਤਾ।

1964 ਦੇ ਸ਼ੁਰੂ ਦੀ ਗੱਲ ਹੈ ਇਹ। ਜਦੋਂ ਮਾਸਟਰ ਤਾਰਾ ਸਿੰਘ ਜੀ ਦੇ ਅਖ਼ਬਾਰ 'ਜੱਥੇਦਾਰ' ਵਿਚ ਹਰ ਐਤਵਾਰ ਨੂੰ ਤਰਾਹ-ਮਿਸਰਾ ਤੇ ਕਾਵਿ-ਕਿਆਰੀ ਛਪਦੀ ਸੀ ਜਿਸ ਵਿਚ ਜ਼ਿਆਦਾ ਕਰਕੇ ਸੰਤ  ਫਤਿਹ ਸਿੰਘ ਉਪਰ ਹੀ ਲਿਖਿਆ ਹੁੰਦਾ ਸੀ। ਇਕ ਹਫ਼ਤੇ ਮੈਂ ਵੀ ਟੁੱਟੀ ਫੁੱਟੀ ਜਿਹੀ ਕਵਿਤਾ ਜੋੜ ਕੇ ਭੇਜ ਦਿੱਤੀ। ਦੇਵਨੇਤ ਨਾਲ ਉਹ ਕੁਝ ਸੁਧਾਈ ਦੇ ਨਾਲ ਛਪ ਗਈ। ਉਹ ਛਪੀਆਂ ਸਤਰਾਂ ਤਕਰੀਬਨ ਅੱਧੇ ਨੰਗਲ ਨੂੰ ਵਿਖਾਈਆਂ। ਮੇਰਾ ਜ਼ਮੀਨ 'ਤੇ ਪੈਰ ਨਹੀਂ ਸੀ ਟਿੱਕਦਾ। ਇਹ ਨੇਮ ਹਰ ਹਫਤੇ ਚੱਲਣ ਲੱਗ ਪਿਆ ਤੇ ਇੰਜ ਕਵਿਤਾ ਲਿਖਣ ਦਾ  ਮੁਢ ਬੱਝ ਗਿਆ। ਕੁਝ ਕੁ ਮੈਗਜ਼ੀਨ ਲੈਣੇ ਸ਼ੁਰੂ ਕਰ ਦਿੱਤੇ ਜਿਹਨਾਂ ਵਿਚ 'ਫ਼ਿਲਮੀ ਸੰਸਾਰ', 'ਫ਼ਿਲਮ ਕਲਾ' ਤੇ 'ਕਵਿਤਾ' ਆਦਿ ਸ਼ਾਮਿਲ ਸਨ। ਫ਼ਿਲਮੀ ਮੈਗਜ਼ੀਨਾਂ ਵਿਚ ਗੀਤ ਬਹੁਤ ਛਪਦੇ ਸਨ ਤੇ ਮੈਂ ਗੀਤ ਲਿਖਣ ਲੱਗ ਪਿਆ। ਉਹ ਗੀਤ ਫ਼ਿਲਮੀ ਸੰਸਾਰ ਤੇ ਫ਼ਿਲਮੀ ਕਲੀਆਂ ਵਿਚ ਰੈਗੂਲਰ ਛਪਣੇ ਸ਼ੁਰੂ ਹੋ ਗਏ ਤੇ 'ਫ਼ਿਲਮ-ਕਲਾ' ਤੇ 'ਹਿੰਮਤ ਨਗਾਰਾ' (ਵੀਕਲੀ) ਵਿਚ ਵੀ ਕਿਤੇ ਕਿਤੇ ਛਪਦੇ। ਉਹਨੀਂ ਦਿਨੀ ਮੇਰੇ ਕੁਝ ਗੀਤ ਐੱਚ.ਐੱਮ.ਵੀ. ਵਾਲਿਆ ਇੰਦਰਜੀਤ ਸ਼ਰਮਾ ਦੀ ਆਵਾਜ਼ ਵਿਚ ਰਿਕਾਰਡ ਕੀਤੇ। ਇਹ ਉਹ ਸਮਾਂ ਸੀ ਜਦੋਂ ਨਾ ਤਾਂ ਕੈਸਿਟਾਂ ਹੁੰਦੀਆਂ ਸਨ ਨਾ ਡੈਕ ਤੇ ਨਾ ਸੀ.ਡੀ. ਵਗੈਰਾ। ਕੇਵਲ ਤਵੇ (ਰਿਕਾਰਡ) ਹੀ ਹੁੰਦੇ ਸਨ। ਤੇ ਜਿਸ ਲੇਖਕ ਦੇ ਗੀਤ ਰਿਕਾਰਡ ਹੋ ਜਾਂਦੇ ਸਨ ਉਹ ਵੀ ਐੱਚ.ਐੱਮ.ਵੀ. ਕੰਪਨੀ ਵੱਲੋਂ  ਤਾਂ ਉਸ ਲੇਖਕ ਦੀ ਬਹਿਜਾ ਬਹਿਜਾ ਹੋ ਜਾਂਦੀ ਸੀ। ਉਦੋਂ ਖੁੱਲ੍ਹੇ ਅਤੇ ਚਲਾਊ ਗੀਤਾਂ ਦੇ ਰਿਕਾਰਡ ਹੀ ਵੱਜਦੇ ਸਨ। 'ਗੜਵਾ ਲੈ ਦੇ ਚਾਂਦੀ ਦਾ' ਅਤੇ 'ਕਿੰਜ

ਬੀਤੀ ਮੁਕਲਾਵੇ ਵਾਲੀ ਰਾਤ' ਆਦਿ ਗੀਤ ਉਦੋਂ ਬਹੁਤ ਚੱਲਦੇ ਸਨ। ਮੇਰੇ ਜਿਹੜੇ ਗੀਤ ਰਿਕਾਰਡ ਹੋਏ, ਉਹ ਇਸ ਤਰ੍ਹਾਂ ਹਨ-

ਲੱਕ ਮਿਣ ਲੈ ਦਰਜੀਆ ਮੇਰਾ ਵੇ ਸੂਠ ਸੀਅ ਦੇ ਵੰਨ ਪੀਸ ਦਾ।
ਨਾਲੇ ਹੋਵੇ ਕਢਾਈ ਵਾਲਾ ਘੇਰਾ ਵੇ ਸੂਠ ਸੀਅ ਦੇ ਵੰਨ ਪੀਸ ਦਾ।
-0-

ਮੰਜਾ ਚੁਕ ਕੇ ਚੁਬਾਰੇ ਉਹਲੇ ਕਰ ਲੈ ਵੇ ਚੰਨ ਅਜ ਸਾਰੀ ਰਾਤ ਦਾ।
ਘੁੱਟ ਸ਼ਹਿਦ ਦੀ ਕਟੋਰੀ ਵਾਲਾ ਭਰ ਲੈ ਵੇ ਚੰਨ ਅਜ ਸਾਰੀ ਰਾਤ ਦਾ।

ਉਹਨਾਂ ਦਿਨਾਂ ਵਿਚ ਇੰਦਰਜੀਤ ਸ਼ਰਮਾਂ ਨੇ ਮੇਰੇ ਤੋਂ ਦੋ ਗਾਣੇ ਵੀ ਬਹੁਤ ਲਿਖਵਾਏ। ਦੋ-ਗਾਣਿਆਂ ਦਾ ਉਦੋਂ ਬਹੁਤ ਰਿਵਾਜ਼ ਸੀ। ਪਤਾ ਨਹੀਂ ਉਹਨਾਂ ਨੇ ਮੇਰੇ ਹੋਰ ਕਿਹੜੇ ਕਿਹੜੇ ਗੀਤ ਰਿਕਾਰਡ ਕਰਵਾਏ ਕਿਉਂਕਿ ਉਹਨਾਂ ਦੀ ਪੋਸਟਿੰਗ ਰੇਵਲੇ ਵਿਚ ਲਖਨਊ ਦੀ ਹੋ ਗਈ ਸੀ ਤੇ ਉਹ ਲਖਨਊ ਚਲੇ ਗਏ ਸਨ। ਉਦੋਂ ਲਿਖੇ ਕੁਝ ਦੋ-ਗਾਣਿਆਂ ਦੇ ਮੁੱਖੜੇ ਹਨ-

ਮੁੰਡਾ- ਡੰਗਰਾਂ ਵਾਲੇ ਕੋਠੇ ਵਿਚ ਕਿਉਂ ਪੈ ਗਈ ਮੂੰਗੀਆਂ ਤਣ ਕੇ।
ਨੀ ਪੁੱਛਦਾ ਦਿਓਰ ਖੜ੍ਹਾ, ਤੇਰੇ ਦੁੱਖ ਦਾ ਸਾਂਝੀ ਬਣ ਕੇ।

ਕੁੜੀ- ਸੁਣ ਵੇ ਦਿਓਰਾ, ਕਲਹਿਰੀਆਂ ਮੋਰਾ, ਕਿਸਮਤ ਮੇਰੀ ਫੁੱਟੀ।
ਵੇ ਵੀਰੇ ਤੇਰੇ ਨੇ, ਛੱਲੀਆਂ ਵਾਂਗੂ ਕੁੱਟੀ।
-0-

ਕੁੜੀ- ਸੁਣ ਵੇ ਜੇਠਾ, ਸੁਣ ਵੇ ਜੇਠਾ, ਆਖ ਆਖ ਮੈਂ ਹਾਰੀ।
ਵੇ ਸਾਥੋਂ ਨਹੀਉਂ ਘੁੰਡ ਕੱਢੀਦਾ, ਬੰਦ ਕਰਦੇ ਸਬ੍ਹਾਤ ਵਾਲੀ ਬਾਰੀ।

ਮੁੰਡਾ- ਸੋਨ ਰੰਗੀਏ ਸੁਣੀ ਭਾਬੀਏ, ਗੱਲ ਤੈਨੂੰ ਸਮਝਾਵਾਂ।
ਨੀ ਔਖੀ ਏਂ ਤਾਂ ਘੁੰਡ ਚੁੱਕ ਦੇ, ਘਰ ਛੱਡ ਕੇ ਕਿਧਰ ਨੂੰ ਜਾਵਾਂ।
-0-

ਮੁੰਡਾ- ਹੋਇਆ ਹਾਲ ਤੋਂ ਬੇਹਾਲ, ਤੇਰੇ ਉਲਝੇ ਉਲਝੇ ਵਾਲ,
ਜਿਹਨਾਂ ਸਾਰੀ ਗੱਲ ਖੋਲ੍ਹ ਸਮਝਾਈ।
ਨੀ ਭਾਬੀਏ ਮਜਾਜਾਂ ਪਿੱਟੀਏ, ਕਿਹੜੇ ਯਾਰ ਦੀ ਬੁੱਕਲ 'ਚੋਂ ਆਈ?

ਕੁੜੀ- ਤੈਨੂੰ ਭੋਰਾ ਨਾ ਖਿਆਲ, ਮਾਰੇਂ ਆਲ ਤੇ ਪਤਾਲ।
ਹਰ ਵੇਲੇ ਹੀ ਲਗਾਉਂਦਾ ਰਹੇਂ ਲੂੱਤੀ।
ਵੇ ਦਿਓਰਾ ਵੇ ਜਹਾਨੋਂ ਜਾਣਿਆਂ, ਮੈਂ ਤਾਂ ਅੰਦਰਲੇ 'ਚ ਪਈ ਸਾਂ ਸੁੱਤੀ।
-0-

ਇਹੋ ਜਿਹੇ ਗੀਤਾਂ ਦੀ ਪੂਰੀ ਦੀ ਪੂਰੀ ਪੁਸਤਕ ਬਣ ਗਈ ਸੀ ਜਿਹੜੀ ਮੈਂ ਚਤਰ ਸਿੰਘ ਜਵਾਹਰ ਸਿੰਘ(ਅੰਮ੍ਰਿਤਸਰ) ਨੂੰ ਛਾਪਣ ਨੂੰ ਦਿੱਤੀ। ਪੰਜ-ਛੇ ਮਹੀਨੇ ਉਹ ਉਹਨਾਂ ਕੋਲ ਪਈ ਰਹੀ। ਇਸ ਦੌਰਾਨ ਪੰਜਾਬੀ ਦੇ ਚੰਗੇ ਚੰਗੇ ਮੈਗਜ਼ੀਨਾਂ ਜਿਵੇਂ ਕਵਿਤਾ, ਜਨ-ਸਾਹਿਤ, ਜਾਗ੍ਰਿਤੀ, ਲੋਕ-ਕਵਿਤਾ, ਪੰਜ-ਦਰਿਆ, ਸਾਂਝੀ ਦੁਨੀਆਂ, ਕੰਵਲ, ਪ੍ਰੀਤਮ, ਲੋਕ-ਕਹਾਣੀਆਂ, ਆਰਸੀ, ਹੇਮ ਜਿਉਤੀ ਆਦਿ ਨਾਲ ਸੰਪਰਕ ਵਧ ਗਿਆ ਤੇ ਇਹਨਾਂ ਦੇ ਸੰਪਾਦਕਾਂ ਨਾਲ ਸਾਂਝ ਵਧ ਗਈ ਤੇ ਇਕ ਦੂਜੇ ਕੋਲ ਆਉਣਾ ਸ਼ੁਰੂ ਹੋ ਗਿਆ। ਸਭ ਨੇ ਮੈਨੂੰ ਉਹ ਕਿਤਾਬ ਨਾ ਛਪਵਾਣ ਦੀ ਸਲਾਹ ਦਿੱਤੀ ਤੇ ਅੱਗੇ ਤੋਂ ਉਸਾਰੂ ਸਾਹਿਤ ਰਚਨ ਦੀ ਪ੍ਰੇਰਨਾ ਵੀ ਦਿੱਤੀ। ਉਹ ਗੀਤਾਂ ਦੀ ਪੁਸਤਕ ਬੜੀ ਮੁਸ਼ਕਿਲ ਨਾਲ ਵਾਪਿਸ ਲਈ ਜੋ ਅਜੇ ਵੀ ਉਂਜ ਹੀ ਪਈ ਹੈ। ਉਸ ਤੋਂ ਬਾਅਦ ਗੀਤ, ਗ਼ਜ਼ਲਾਂ, ਕਵਿਤਾਵਾਂ ਨਿਰੋਲ ਸਾਹਿਤਕ ਲਿਖੀਆਂ। ਉਦੋਂ ਤੋਂ ਬਾਦ ਕਿਤੇ ਕਿਤੇ ਲਿਖੇ ਗੀਤਾਂ ਵਿਚੋਂ ਕੁਝ ਗੀਤ ਇਸ ਪੁਸਤਕ 'ਮੇਰੇ ਗੀਤ' ਰਾਹੀਂ ਤੁਹਾਡੀ ਨਜ਼ਰ ਹਨ।

ਜ਼ਿੰਦਗੀ ਵਿਚ, ਸਾਹਿਤਕ, ਸਮਾਜਿਕ ਅਤੇ ਖੇਡਾਂ ਦੇ ਖੇਤਰ ਵਿਚ, ਉਹ ਪਿਆਰ ਤੇ ਸਤਿਕਾਰ ਮਿਲਿਆ ਹੈ ਕਿ ਜਿਸ ਦੀ ਨਾ ਤਾਂ ਕਦੇ ਤਵੱਕੋ ਹੀ ਕੀਤੀ ਸੀ ਤੇ ਨਾ ਹੀ ਮੈਂ ਕਦੇ ਆਪਣੇ ਆਪ ਨੂੰ ਇਸ ਯੋਗ ਹੀ ਸਮਝਿਆ ਸੀ। ਇਹ ਤਾਂ ਬਸ ਪਰਮ ਪਿਤਾ ਪਰਮਾਤਮਾ ਦੀ ਕਿਰਪਾ ਹੀ ਹੈ। ਜਿਸ ਸਦਕਾ ਇੰਨਾ ਮਾਣ ਸਨਮਾਨ ਮਿਲਦਾ ਰਿਹਾ ਹੈ। ਜਦੋਂ 1972-73 ਵਿਚ ਸਾਡੇ ਮਹਿਕਮੇ ਵਿਚ ਖੇਡਾਂ ਸ਼ੁਰੂ ਹੋਈਆਂ ਤਾਂ ਮਾਲ-ਡੰਗਰ ਚਾਰਦੇ ਹੋਏ, ਮਾਰੀਆਂ ਛਾਲਾਂ ਸਦਕਾ ਮੈਂ ਕਿੰਨੇ ਹੀ ਸਾਲ ਲੰਮੀ ਛਾਲ ਤੇ ਟਰਿਪਲ ਛਾਲ ਵਿਚ ਪਹਿਲੇ-ਦੂਜੇ ਸਥਾਨ 'ਤੇ ਰਿਹਾ। ਆਪਣੇ ਮਹਿਕਮੇ ਦੀ ਵਾਲੀਬਾਲ ਟੀਮ ਦਾ ਮੈਂ 1974 ਤੋਂ 1990 ਤਕ ਲਗਾਤਾਰ 16 ਸਾਲ ਕੈਪਟਨ ਰਿਹਾ ਹਾਂ। 1990 ਤੋਂ ਬਾਅਦ ਮੈਂ 2002 (ਆਪਣੀ ਰਿਟਾਇਰਮੈਂਟ) ਤਕ ਵਾਲੀਬਾਲ ਟੀਮ ਦਾ ਕੋਚ ਰਿਹਾ ਹਾਂ।1990-91 ਤੋਂ 1998-99 ਤੱਕ ਮੈਂ ਆਪਣੇ ਮਹਿਕਮੇ ਦੀਆਂ ਸਾਰੀਆਂ ਗੇਮਾਂ ਦਾ ਫੀਲਡ-ਇੰਚਾਰਜ ਰਿਹਾ ਹਾਂ। ਇਹਨਾਂ ਖੇਡਾਂ ਸਦਕਾ ਮੈਂ ਭਾਰਤ-ਪੱਧਰ ਤੇ ਕਿੰਨੀ ਵਾਰ ਖੇਡਿਆ ਹਾਂ ਅਤੇ ਸਮੁੱਚੇ ਹਿੰਦੋਸਤਾਨ ਦਾ ਕੋਨਾ ਕੋਨਾ ਕੰਨਿਆਕੁਆਰੀ ਤਕ ਕਿੰਨੀ ਕਿੰਨੀ ਵਾਰ ਗਾਹਿਆ ਹੈ। ਮੇਰੇ ਮਹਿਕਮੇ ਨੇ, ਮੇਰੇ ਅਫਸਰਾਨ ਨੇ, ਮੇਰੇ ਸਾਥੀਆਂ ਨੇ, ਮੇਰੇ ਖਿਡਾਰੀਆਂ ਨੇ ਮੈਨੂੰ ਬਹੁਤ ਮਾਣ ਸਤਿਕਾਰ ਦਿੱਤਾ ਹੈ, ਮੈਂ ਸਾਰਿਆਂ ਦਾ ਹੀ ਦਿਲੋਂ ਮਸ਼ਕੂਰ ਹਾਂ।

ਆਪਣੀ ਨੌਕਰੀ ਦੇ ਸੇਵਾ-ਕਾਲ ਦੌਰਾਨ ਮੈਨੂੰ ਮੇਰੇ ਮਹਿਕਮੇ ਅਤੇ ਮੇਰੇ ਅਫਸਰਾਨ ਵੱਲੋਂ ਬਹੁਤ ਇੱਜਤ ਮਾਣ ਮਿਲਦਾ ਰਿਹਾ ਹੈ। 1962 ਵਿਚ ਨੌਕਰੀ ਵਿਚ ਆਇਆ ਤਾਂ 1966 ਵਿਚ ਪਹਿਲੀ ਪਰੋਮੋਸ਼ਨ ਹੋਈ ਤੇ 1968 ਵਿਚ ਮੈਨੂੰ ਖ਼ਜਾਨਚੀ ਲਾ ਦਿੱਤਾ। 1969 ਵਿਚ ਪਰਮੋਸ਼ਨ ਹੋਈ.....1995 ਵਿਚ ਹੋਈ ਤੇ ਫਿਰ 2001 ਵਿਚ। ਮੈ ਕਲਾਸ- II ਅਫ਼ਸਰ ਹੀ ਪਰੋਮੋਸ਼ਨ ਲੈ ਕੇ ਰਿਟਾਇਰ ਹੋਇਆ ਹਾਂ ਲੇਕਿਨ ਮੈਨੂੰ ਪਹਿਲੀ ਸੀਟ ਤੋਂ ਬਦਲਿਆ ਹੀ ਨਾ ਗਿਆ। ਜਦੋਂ ਵੀ ਮੇਰੀ ਪਰੋਮੋਸ਼ਨ ਹੁੰਦੀ ਸੀ, ਮੇਰੀ ਸੀਟ, ਜਿੱਥੇ ਹਰ ਮਹੀਨੇ ਹੀ ਕਰੋੜਾਂ ਰੁਪਏ ਦਾ ਲੈਣ-ਦੇਣ ਅਤੇ ਅਦਾਨ ਪ੍ਰਦਾਨ ਹੁੰਦਾ ਹੈ, ਨੂੰ ਉੱਤੇ ਨੂੰ ਸਰਕਾ ਦਿੱਤਾ ਜਾਂਦਾ ਸੀ। ਇੰਜ ਭਾਵੇਂ ਮੈਂ ਕਲਾਸ- II ਅਫ਼ਸਰ ਦੀ ਪਰਮੋਸ਼ਨ ਲੈ ਕੇ ਰਿਟਾਇਰ ਹੋਇਆ ਹਾਂ ਪਰ ਮੈਨੂੰ 34-35 ਸਾਲ ਖ਼ਜ਼ਾਨਚੀ ਦੀ ਬਹੁਤ ਹੀ ਸੈਂਸਟਿਵ ਇੱਕੋ ਸੀਟ ਤੇ ਹੀ ਰੱਖਿਆ ਗਿਆ। ਮੇਰੇ ਮਹਿਕਮੇ ਨੇ, ਮੇਰੇ ਸੁਪੀਰੀਅਰਜ ਨੇ ਮੇਰੇ ਤੇ ਮਣਾਂ ਮੂੰਹੀ ਭਰੋਸਾ ਕੀਤਾ ਹੈ ਤੇ ਪੁੱਜ ਕੇ ਮਾਣ ਸਤਿਕਾਰ ਦਿੱਤਾ ਹੈ-ਮੈਂ ਸਾਰਿਆਂ ਦਾ ਹੀ ਬਹੁਤ ਬਹੁਤ ਅਭਾਰੀ ਹਾਂ।

ਸਾਹਿਤਕ-ਖੇਤਰ ਵਿਚ ਮੈਂ ਪੰਜਾਬੀ ਲਿਖਾਰੀ ਸਭਾ, ਨੰਗਲ ਦਾ ਇਸ ਦੇ ਹੋਂਦ ਵਿਚ ਆਣ ਤੋਂ ਹੀ ਲਗਾਤਾਰ ਜਨਰਲ ਸਕੱਤਰ ਰਿਹਾ ਹਾਂ। ਅੱਜਕੱਲ ਮੈਂ ਇਸਦਾ ਪ੍ਰਧਾਨ ਹਾਂ। ਸਥਾਨਕ ਸਟਾਫ਼ ਕਲੱਬ ਨੰਗਲ ਦਾ, ਜਦੋਂ ਇਸ ਦੀ ਚੋਣ ਬੈਲਟ ਪੇਪਰਾਂ ਨਾਲ ਲੜੀ ਜਾਂਦੀ ਸੀ, ਕਈ ਸਾਲ ਸਪੋਰਟਸ ਸਕੱਤਰ ਅਤੇ ਜਨਰਲ ਸਕੱਤਰ ਰਿਹਾ ਹਾਂ। ਮਾਸਿਕ 'ਕਵਿਤਾ' ਮੈਗਜ਼ੀਨ ਨੇ ਮੇਰੇ ਸਪਲੀਮੈਂਟ ਕੱਢੇ ਹਨ। ਮਾਸਿਕ 'ਕੰਵਲ' ਮੈਗਜ਼ੀਨ ਕਵਿਤਾ-ਭਾਗ ਦਾ ਮੈਂ ਕਿੰਨੇ ਹੀ ਸਾਲ ਸੰਪਾਦਕ ਰਿਹਾ ਹਾਂ। 'ਨਾਰਦਰਨ ਇੰਡੀਆਂ ਸੈਣੀ ਕਲਚਰਲ ਸੁਸਾਇਟੀ (ਰਜਿ) ਚੰਡੀਗੜ੍ਹ' ਨੇ 28.9.1997 ਨੂੰ ਮੈਨੂੰ 'ਡਾ. ਸਾਧੂ ਸਿੰਘ ਹਮਦਰਦ ਗ਼ਜ਼ਲ ਅਵਾਰਡ' ਨਾਲ ਨਵਾਜ਼ਿਆ ਹੈ। 'ਸਾਹਿਤ ਕਲਾ ਮੰਚ, ਹੁਸ਼ਿਆਰਪੁਰ' ਨੇ 28.12.2001 ਨੂੰ 'ਪ੍ਰੋ. ਮੋਹਰ ਗੇਰਾ ਅਵਾਰਡ' ਨਾਲ ਸਨਮਾਨਿਤ ਕੀਤਾ ਹੈ। ਚੰਡੀਗੜ੍ਹ, ਜਲੰਧਰ ਅਤੇ ਅੰਮ੍ਰਿਤਸਰ ਦੀਆਂ ਲੇਖਕ ਸਭਾਵਾਂ ਨੇ ਗਾਹੇ-ਬਗਾਹੇ ਸਨਮਾਨ ਦਿੱਤੇ ਹਨ-ਮੈਂ ਇਹਨਾਂ ਸਾਰੀਆਂ ਸੰਸਥਾਵਾਂ ਦਾ ਤਹਿ ਦਿਲੋਂ ਅਭਾਰੀ ਹਾਂ।

ਹਥਲੀ ਪੁਸਤਕ 'ਮੇਰੀ ਗੀਤ' ਨੂੰ ਮੇਰੇ ਛੋਟੇ ਵੀਰ ਅਮਰਜੀਤ ਸਿੰਘ ਸੰਧੂ ਨੇ ਸਜਾਇਆ ਅਤੇ ਸੰਵਾਰਿਆ ਹੈ, ਇਸ ਬਾਰੇ ਵਾਕਫ਼ੀਅਤ ਦਿੱਤੀ ਹੈ, ਮੈਂ ਧੰਨਵਾਦੀ ਹਾਂ। ਸੰਧੂ ਨੇ ਸਜਾਇਆ ਅਤੇ ਸਵਾਰਿਆ ਹੈ, ਇਸ ਬਾਰੇ ਵਾਕਫ਼ੀਅਤ ਦਿੱਤੀ ਹੈ, ਮੈਂ ਧੰਨਵਾਦੀ ਹਾਂ। ਸੰਧੂ ਸਾਹਿਬ ਉਸਤਾਦ ਗ਼ਜ਼ਲਗੋ ਹਨ। ਉਸਤਾਦ ਦੀਪਕ ਜੈਤੋਈ ਜੀ ਤੋਂ ਬਾਦ, ਗ਼ਜ਼ਲ ਖੇਤਰ ਵਿਚ ਸਭ ਤੋਂ ਵੱਧ ਦੇਣ ਸੰਧੂ ਸਾਹਿਬ ਦੀ ਹੈ। ਪੂਰਾ ਅਬੂਰ ਹਾਸਿਲ ਹੈ ਇਹਨਾਂ ਨੂੰ ਗ਼ਜ਼ਲ ਦੀ ਤਕਨੀਕ ਵਿਚ। ਮੇਰੀਆਂ ਸਾਰੀਆਂ ਪੁਸਤਕਾਂ ਇਹਨਾਂ ਕੋਲੋਂ ਦੀ ਹੋ ਕੇ ਪ੍ਰੈਸ ਵਿਚ ਜਾਂਦੀਆਂ ਹਨ, ਮੈਂ ਬਹੁਤ ਬਹੁਤ ਧੰਨਵਾਦੀ ਹਾਂ।

ਮੇਰੇ ਛੋਟੇ ਵੀਰ ਦਰਸ਼ਨ ਸਿੰਘ ਆਸ਼ਟ ਨੇ, ਇਸ ਪੁਸਤਕ ਦੀ ਪ੍ਰਕਾਸ਼ਨਾ ਲਈ ਬਹੁਤ ਮਿਹਨਤ ਕੀਤੀ ਹੈ-ਕੀਮਤੀ ਸਮਾਂ ਖਰਚਿਆ ਹੈ......ਦਿਨ ਰਾਤ ਦੌੜ ਭੱਜ ਕੀਤੀ ਹੈ......ਕਿਹੜੇ ਸ਼ਬਦਾਂ ਨਾਲ ਧੰਨਵਾਦ ਕਰਾਂ? ਮੈਨੂੰ ਸਮਝ ਨਹੀਂ ਆ ਰਹੀ।

ਆਪਣੇ ਵੱਡੇ ਵੀਰ ਮਾਨ ਸਿੰਘ ਹਕੀਰ ਦਾ ਵੀ ਮੈਂ ਬਹੁਤ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਇਸ ਪੁਸਤਕ ਦੀ ਪ੍ਰਕਾਸ਼ਨਾ ਲਈ ਆਪਣਾ ਸਹਿਯੋਗ ਤਾ ਦਿੱਤਾ ਹੀ ਹੈ, ਕਿੰਨੀ ਵਾਰ ਮੇਜ਼ਬਾਨੀ ਵੀ ਕੀਤੀ ਹੈ।

ਪੰਜਾਬੀ ਪ੍ਰਕਾਸ਼ਨ, ਪਟਿਆਲਾ ਨੇ ਇਸ ਨੂੰ ਇੰਨੇ ਸੁਹਣੇ ਰੂਪ ਵਿਚ ਛਾਪ ਕੇ ਆਪਣੀ ਪ੍ਰਕਾਸ਼ਨਾ ਦਾ ਸਿੱਕਾ ਜਮਾਇਆ ਹੈ-ਮੈਂ ਇਹਨਾਂ ਦਾ ਵੀ ਬਹੁਤ ਬਹੁਤ ਧੰਨਵਾਦੀ ਹਾਂ।

ਮੇਰੀ ਪਹਿਲੀ ਕਾਵਿ-ਪੁਸਤਕ 'ਤਿੜਾਂ' ਨੂੰ 'ਹਰਿਆਣਾ ਸਾਹਿਤ ਅਕੈਡਮੀ' ਨੇ ਗਰਾਂਟ ਦਿੱਤੀ ਸੀ- ਮੈਂ ਉਦੋਂ ਵੀ ਲਿਖਿਆ ਸੀ ਕਿ ਅਕੈਡਮੀ ਵਾਲੇ ਮੂੰਹ ਵੇਖ ਕੇ ਟਿੱਕੇ ਨਹੀਂ ਲਾਉਂਦੇ ਸਗੋਂ ਨਿਰਪੱਖ ਚੋਣ ਕਰਦੇ ਹਨ। ਐਤਕੀ ਮੈਂ ਇਸ ਪੁਸਤਕ ਦਾ ਖਰੜਾ ਭੇਜ ਦਿੱਤਾ ਸੀ......ਬਾਦ ਵਿਚ ਨਾ ਮੈਂ ਕਿਸੇ ਨੂੰ ਮਿਲਿਆ ਤੇ ਨਾ ਹੀ ਕੋਈ ਖ਼ਤੋ-ਖ਼ਤਾਬਤ ਕੀਤੀ। ਇਸ ਪੁਸਤਕ ਨੇ ਅਕੈਡਮੀ ਦੀ ਨਿਰਪੱਖ ਚੋਣ ਰਾਹੀਂ ਫਿਰ ਗਰਾਂਟ ਹਾਸਿਲ ਕੀਤੀ ਹੈ, ਮੈਂ 'ਹਰਿਆਣਾ ਪੰਜਾਬੀ ਸਾਹਿਤ ਅਕੈਡਮੀ' ਦਾ ਬਹੁਤ ਧੰਨਵਾਦੀ ਹਾਂ।

ਮੈਂ ਆਪਣੀ ਸਰਦਾਰਨੀ ਹਰਿੰਦਰਜੀਤ ਕੌਰ ਦਾ ਵੀ ਰਿਣੀ ਹਾਂ ਜੋ ਹਮੇਸ਼ਾਂ ਹੀ ਮੇਰੇ ਲਿਖਣ-ਕਾਰਜ ਵਿਚ ਸਹਾਈ ਹੋਈ ਹੈ।

ਅੰਤ ਵਿਚ ਲੇਖਕਾਂ-ਪਾਠਕਾਂ-ਅਲੋਚਕਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ 'ਮੇਰੇ ਗੀਤ' ਪੁਸਤਕ ਦੀ ਨਿਰਪੱਖ ਸਮਾਲੋਚਨਾ ਕਰਨ, ਮੈਨੂੰ ਦਿਲੀ ਖੁਸ਼ੀ ਹੋਵੇਗੀ।

6.6.2003

ਬਲਬੀਰ ਸਿੰਘ ਸੈਣੀ
ਸ਼ਰਮਾ ਸਟੋਰ, ਭਾਖੜਾ ਰੋਡ,
(ਆਰੇ ਦੇ ਸਾਹਮਣੇ)
ਨੰਗਲ ਟਾਊਨ ਸ਼ਿਪ (ਰੋਪੜ)
ਫ਼ੋਨ ਨੰ- 01887-223952

## ਤੇਰੇ ਤੁਰ ਜਾਵਣ ਤੇ

ਯਾਰਾ! ਤੇਰੇ ਤੁਰ ਜਾਵਣ ਤੇ,
ਦੁਨੀਆਂ ਏਦਾਂ ਰੋਈ।
ਜਿੱਦਾ ਹਰ ਇਕ ਘਰ ਦੇ ਅੰਦਰ,
ਮਰਿਆ ਹੋਵੇ ਕੋਈ।

ਗਲੀ ਗਲੀ ਵਿਚ ਪਸਰੀ ਪਈ ਹੈ,
ਕਬਰਾਂ ਜਿਹੀ ਉਦਾਸੀ।
ਹਰ ਦਿਲ ਧੁਖੇ ਮਸਾਣਾਂ ਵਾਂਗੂ,
ਖੁੱਸੀ ਸਭ ਦੀ ਹਾਸੀ।
ਹਰ ਇਕ ਚਿਹਰਾ ਉਡਿਆ, ਉਡਿਆ,
ਕੌਣ ਕਰੇ ਦਿਲਜੋਈ?
ਯਾਰਾ! ਤੇਰੇ...............।

ਰਾਤ ਕਟੀਦਿਆਂ ਕਟਦੀ ਨਹੀਂ ਹੈ,
ਵਢ ਵਢ ਖਾਏ ਸਵੇਰਾ।
ਕਿਹੜੇ ਦਿਲ ਨਾਲ ਆਖਾਂ, ਰੱਬਾ!
ਭਾਣਾ ਮਿੱਠਾ ਤੇਰਾ।
ਹੱਥ ਜੋੜਿਆਂ, ਹੱਥ ਨਹੀਂ ਜੁੜਦੇ,
ਕਿੰਜ ਕਰਾਂ ਅਰਜੋਈ?
ਯਾਰਾ! ਤੇਰੇ...............।

ਜਖ਼ਮੀ ਜ਼ਖ਼ਮੀ ਦਿਲ ਹੈ, ਅੱਖਾਂ,
ਖ਼ੂਨ ਦੇ ਅਥਰੂ ਰੋਵਣ।
ਕੀ ਕਰਨੇ ਤੇਰੀ ਮੜ੍ਹੀ ਦੇ ਮੇਲੇ,
ਹੋਵਣ ਜਾਂ ਨਾ ਹੋਵਣ।
ਲਭਣੀ ਨਹੀਂ ਕਿਧਰੋਂ ਵੀ ਤੇਰੇ,
ਹਾਸਿਆਂ ਦੀ ਖ਼ੁਸ਼ਬੋਈ।
ਯਾਰਾ! ਤੇਰੇ...............।

ਖਵਰੇ ਕਿਸ ਚੰਦਰੇ ਨੇ ਤੈਨੂੰ,
ਭੈੜੀ ਨਜ਼ਰ ਲਗਾਈ।
ਔਕੜ ਵੇਲੇ ਰੱਬ ਸੱਚਾ ਵੀ,
ਹੋਇਆ ਨਹੀਂ ਸਹਾਈ।
ਤੇਰੇ ਬਾਝੋਂ ਸਾਨੂੰ 'ਸੈਣੀ'
ਕੌਣ ਦਏਗਾ ਢੋਈ?
ਯਾਰਾ! ਤੇਰੇ..............।

## ਤੇਰਾ ਸ਼ੁਕਰਾਨਾ ਹੈ

ਇਹ ਵੀ ਤੇਰਾ ਸ਼ੁਕਰਾਨਾ ਹੈ,
ਤੂੰ ਜੋ ਦਿਲ ਦਾ ਦਰਦ ਵਧਾਇਆ।
ਮੇਰੇ ਲੇਖੀਂ ਤਾਂ ਬਿਧ-ਮਾਤਾ,
ਧੁਰ ਤੋਂ ਹੀ ਗ਼ਮ ਹੈ ਲਿਖਵਾਇਆ।

ਅਪਣੀ ਅਪਣੀ ਕਿਸਮਤ ਹੈ ਇਹ,
ਇਹ ਤਾਂ ਅਪਣੇ ਭਾਗ ਨੇ ਯਾਰਾ।
ਕੋਈ ਕਿਸੇ ਦੀ ਅੱਖ ਦਾ ਕੰਕਰ,
ਕੋਈ ਕਿਸੇ ਦੀ ਅੱਖ ਦਾ ਤਾਰਾ।
ਕਿਸੇ ਨੂੰ ਨਫ਼ਰਤ ਮਿਲੀ ਹਮੇਸ਼ਾ,
ਕਿਸੇ ਨੇ ਹਰਦਮ ਪਿਆਰ ਹੰਢਾਇਆ।
ਇਹ ਵੀ ਤੇਰਾ.....................।

ਦੁਨੀਆਂ ਦੀ ਤਾਂ ਰੀਤ ਹੀ ਇਹ ਹੈ,
ਜਖ਼ਮ ਵੀ ਲਾਣੇ, ਲੂਣ ਵੀ ਭਰਨਾ।
'ਗੰਗਾ' ਵਰਗਾ ਆਪ ਨੂੰ ਦੱਸ ਕੇ,
ਦੂਜੇ ਤੇ ਹਰ ਦੋਸ਼ ਹੈ ਧਰਨਾ।
ਕਿਸ ਤੋਂ ਖ਼ੁਸ਼ ਹੋਈ ਇਹ ਦੁਨੀਆ,
ਕਦ ਇਸ ਨੂੰ ਹੈ ਕੋਈ ਭਾਇਆ ?
ਇਹ ਵੀ ਤੇਰਾ.....................।

'ਉਹ ਜਾਣੇ' ਕਹਿ ਕਹਿ ਕੇ ਕਿੰਜ ਮੈਂ,
ਦਿਨ ਲੰਘਾਵਾਂ, ਰਾਤਾਂ ਕੱਟਾਂ।
ਕਿੱਦਾਂ ਮਜ਼ਬੂਰੀ ਦੀ ਵਿਹੁ ਨੂੰ,
ਨਿਸ ਦਿਨ ਸ਼ਹਿਦ ਸਮਝ ਕੇ ਚੱਟਾਂ।
ਕਿਹੜੇ ਦੋਸ਼ ਦਾ ਦੋਸ਼ੀ 'ਸੈਣੀ',
ਜਾਂਦਾ ਨਹੀਂ ਦਿਲ ਨੂੰ ਸਮਝਾਇਆ।
ਇਹ ਵੀ ਤੇਰਾ.....................।

## ਮਿੱਟੀ 'ਚ ਨਾ ਰੋਲ ਵੇ

ਚੰਨਾ! ਸਾਡੀ ਆਬਰੂ ਨੂੰ, ਮਿੱਟੀ 'ਚ ਨਾ ਰੋਲ ਵੇ।
ਹਾਰੀ ਸਾਰੀ ਕੋਲ ਦੁੱਖ ਦਿਲ ਦਾ ਨਾ ਫੋਲ ਵੇ।

ਤੇਰੇ ਦੁੱਖਾਂ ਦਰਦਾਂ ਨੂੰ, ਕਿਹੜਾ ਇੱਥੇ ਜਾਣੇਗਾ?
ਕਿਹੜਾ ਤੇਰੇ ਹੌਕਿਆਂ ਦੀ ਵਾਜ ਨੂੰ ਪਛਾਣੇਗਾ?
ਦੁੱਖ ਨਾ ਫਰੋਲ਼ ਐਵੇਂ, ਦੋਖੀਆਂ ਦੇ ਕੋਲ ਵੇ।
ਚੰਨਾ!ਸਾਡੀ.................................।

ਆਉਂਦੀਆਂ ਨੇ ਯਾਦ ਮੈਨੂੰ ਜਦੋਂ ਗੱਲਾਂ ਤੇਰੀਆਂ।
ਉਠ ਉਠ ਜਾਣ ਮੇਰੇ ਦਿਲ 'ਚ ਹਨੇਰੀਆਂ।
ਭੁੱਲ ਨਹੀਂ ਹੁੰਦੇ ਤੇਰੇ ਨਾਲ ਕੀਤੇ ਚੋਹਲ ਵੇ।
ਚੰਨਾ!ਸਾਡੀ.................................।

ਆਖਦਾ ਸੀ ਤੂੰ ਤਾਂ ਤੈਨੂੰ, ਕਦੇ ਨਾ ਭੁਲਾਵਾਂਗਾ।
ਤੈਨੂੰ ਭੁੱਲ ਜਾਣ ਨਾਲੋਂ, ਪਹਿਲਾਂ ਮਰ ਜਾਵਾਂਗਾ।
ਕਿੱਥੇ ਗਏ ਵਾਅਦੇ ਤੇਰੇ? ਕਿੱਥੇ ਗਏ ਬੋਲ ਵੇ?
ਚੰਨਾ!ਸਾਡੀ.................................।

ਏਹੋ ਹੈ ਉਮੰਗ 'ਸੈਣੀ' ਏਹੋ ਹੈ ਦੁਆ ਵੇ।
ਛੂਹੇ ਨਾ ਹਯਾਤੀ ਵਿਚ, ਤੈਨੂੰ ਤੱਤੀ 'ਵਾ ਵੇ।
ਸਾਰੇ ਸੁੱਖ ਦੁਨੀਆਂ ਦੇ, ਰਹਿਣ ਤੇਰੇ ਕੋਲ ਵੇ।
ਚੰਨਾ!ਸਾਡੀ.................................।

•♣•

## ਤੈਨੂੰ ਵੀ ਭੁੱਲ ਜਾਵੇ

ਭੁਲਾਇਆ ਤੂੰ ਜਿਵੇਂ ਮੈਨੂੰ, ਕੋਈ ਤੈਨੂੰ ਵੀ ਭੁੱਲ ਜਾਵੇ।
ਤੇਰੇ ਸਾਹਵੇਂ ਕੋਈ ਤੇਰਾ, ਕਿਸੇ ਦੂਜੇ ਤੇ ਡੁੱਲ੍ਹ ਜਾਵੇ।

ਮੇਰੇ ਵਾਂਗੂੰ ਸਦਾ ਤੂੰ ਵੀ, ਕਿਸੇ ਦੇ ਪਿਆਰ ਨੂੰ ਤਰਸੇਂ।
ਕਦੇ ਪੂਰਾ ਜੋ ਨਾ ਹੋਵੇ ਤੂੰ ਉਸ ਇਕਰਾਰ ਨੂੰ ਤਰਸੇਂ।
ਤੇਰਾ ਹੰਕਾਰਿਆ ਇਹ ਰੂਪ ਵੀ, ਪੈਰਾਂ 'ਚ ਰੁਲ ਜਾਵੇ।
ਭੁਲਾਇਆ ਤੂੰ ਜਿਵੇਂ ਮੈਨੂੰ...................................।

ਲਿਆਈ ਜਿਉਂ ਕਿਸੇ ਦੀ ਬੁੱਕਲੋਂ ਖਿੱਚ ਦਿਲਬਰੀ ਮੇਰੀ।
ਉਵੇਂ ਹੀ ਖੋਹ ਲਿਆ ਤੈਨੂੰ, ਕਿਸੇ ਤੱਕ ਬੇਬਸੀ ਮੇਰੀ।
ਤੇਰਾ ਪਲ ਪਲ ਬਦਲਣਾ, ਜ਼ਹਿਰ ਬਣ ਜੀਵਨ 'ਚ ਘੁਲ ਜਾਵੇ।
ਭੁਲਾਇਆ ਤੂੰ ਜਿਵੇਂ ਮੈਨੂੰ...................................।

ਜਿਦ੍ਹਾ ਤੂੰ ਆਸਰਾ ਭਾਲੇਂ, ਉਹੀ ਬੇ-ਆਸਰਾ ਨਿਕਲੇ।
ਜਿਹਨੂੰ ਦਿਲ ਦਾ ਖ਼ੁਦਾ ਸਮਝੇਂ, ਉਹ ਪੱਥਰ ਦਾ ਖ਼ੁਦਾ ਨਿਕਲੇ।
ਜਿਹਨੂੰ ਨੈਣਾਂ 'ਚ ਤੋਲੇਂ ਤੂੰ ਉਹ ਪੈਸੇ ਨਾਲ ਤੁਲ ਜਾਵੇ।
ਭੁਲਾਇਆ ਤੂੰ ਜਿਵੇਂ ਮੈਨੂੰ...................................।

ਤੇਰਾ ਅਪਣਾ ਪਰਾਇਆ ਵੀ, ਤੇਰੀ ਹੀ ਗੱਲ ਨੂੰ ਢੁੱਕੇ।
ਛਿੜੇ ਜਿੱਥੇ ਵੀ ਗੱਲ ਭੈੜੀ, ਉਹ ਤੇਰੇ ਨਾਮ 'ਤੇ ਮੁੱਕੇ।
ਲੁਕਾਵੇਂ ਭੇਦ ਤੂੰ ਜਿੰਨਾ, ਸਗੋਂ ਉਹ ਹੋਰ ਖੁੱਲ ਜਾਵੇ।
ਭੁਲਾਇਆ ਤੂੰ ਜਿਵੇਂ ਮੈਨੂੰ...................................।

•♣•

## ਅਹਿ ਲੈ ਮਾਏ ਸਾਂਭ ਝਾਂਜਰਾਂ

ਅਹਿ ਲੈ ਮਾਏ ਸਾਂਭ ਝਾਂਜਰਾਂ, ਸੱਗੀ-ਫੁੱਲ ਤੇ ਗਲੇ ਦੀ ਗਾਨੀ।
ਉਹ ਸੁਹਣੇ ਮਾਹੀ ਦੇ ਬਿਨ੍ਹਾ, ਕੀਹਦੇ ਲਈ ਮੈਂ ਸ਼ਿੰਗਾਰਨੀ ਜਵਾਨੀ ?

ਸੀਨੇ ਵਿਚ ਹੌਲ ਉੱਠਦੇ, ਮੇਰੇ ਅੰਗ ਅੰਗ ਪੈਂਦੀਆਂ ਤਰਾਟਾਂ।
ਬਿੰਦੇ ਝਟੇ ਵੇਖਾਂ ਬਾਹਰ ਨੂੰ, ਚੜ੍ਹ ਕੋਠੇ ਉਤੇ ਤਕਨੀਆਂ ਵਾਟਾਂ।
ਉਂਗਲਾਂ ਦੇ ਪੋਟੇ ਘੱਸ ਗਏ, ਪਾਵਾਂ ਔਸੀਆਂ ਨਾ ਆਵੇ ਦਿਲਜਾਨੀ।
ਅਹਿ ਲੈ ਮਾਏ.................................................................।

ਭਲਾ ਇੰਜ ਕੌਣ ਕਰਦੈ, ਜਾ ਕੇ ਫੇਰ ਨਾ ਕਦੀ ਫੇਰਾ ਪਾਵੇ।
ਅੰਬਾਂ ਵਾਲੀ ਭੁੱਖ ਅੰਮੀਏ, ਕਿੱਦਾਂ ਕੋਈ ਨੀ ਅੰਬਾਕੜੀ ਮਿਟਾਵੇ ?
ਤੂੰ ਵੀ ਮਾਏ ਪੌਂਡ ਵੇਖ ਲਏ, ਮੇਰੀ ਵੇਖੀ ਨਾ ਤੂੰ ਅੱਥਰੀ ਜਵਾਨੀ।
ਅਹਿ ਲੈ ਮਾਏ.................................................................।

ਆਖ ਮੇਰੇ 'ਸੈਣੀ' ਮਾਹੀ ਨੂੰ, ਮੇਰਾ ਸਬਰ ਨਾ ਹੋਰ ਅਜਮਾਵੇ।
ਡਾਲਰਾਂ ਦੀ ਗੱਲ ਕਰਕੇ, ਮੈਨੂੰ ਜਲਦੀ ਨੂੰ ਹੋਰ ਨਾ ਜਲਾਵੇ।
ਹੌਕਿਆਂ ਦੇ ਵੱਸ ਪੈ ਗਈ, ਮੇਰੀ ਸੋਹਲ ਜਿੰਦਗਾਨੀ।
ਅਹਿ ਲੈ ਮਾਏ.................................................................।

•♣•

## ਚਿਤ ਨਹੀਂ ਖੜ੍ਹਦਾ ਮੇਰਾ

ਜਦ ਦਾ ਸੁਣਿਆ ਤੁਰ ਜਾਣੈਂ ਤੂੰ, ਚਿਤ ਨਹੀਂ ਖੜ੍ਹਦਾ ਮੇਰਾ।
ਮਰਕੇ ਵੀ ਨਹੀਂ ਭੁੱਲਣਾ ਮੈਨੂੰ, ਚੰਨਿਆ! ਚੇਤਾ ਤੇਰਾ।

ਤੇਰੇ ਵਾਂਗ ਮੇਰੇ ਲਈ ਕਿਹਨੇ, ਬਰਫ਼ ਦੇ ਵਾਂਗੂੰ ਖਰਨਾ?
ਰੋਜ਼ ਦਿਹਾੜੀ, ਬਿੰਦੇ ਝੱਟੇ, ਬਿਨ ਮੌਤੇ ਕਿਸ ਮਰਨਾ?
ਤੇਰੇ ਬਾਝੋਂ ਭਾਂ ਭਾਂ ਕਰਨਾ, ਭਰਿਆ ਚਾਰ-ਚੁਫੇਰਾ।
ਜਦ ਦਾ ਸੁਣਿਆ.....................................।

ਹਰ ਪਲ ਤੇਰੀਆਂ ਯਾਦਾਂ ਆਉਣੀਆਂ, ਹਰ ਪਲ ਸੁਫਨੇ ਤੇਰੇ।
ਤੇਰੇ ਬਿਨ ਕਾਲਖ ਵਿਚ ਵਟਣੇ, ਮੇਰੇ ਸੁਰਖ-ਸਵੇਰੇ।
ਅੰਦਰ ਵੜ ਵੜ ਰੋਣਾ ਮੈਂ, ਮੇਰਾ ਮੁੱਕਣਾ ਤੋਰਾ ਫੇਰਾ।
ਜਦ ਦਾ ਸੁਣਿਆ.....................................।

ਸ਼ਾਲਾ! ਸਦਾ ਹੀ ਤੇਰੇ ਵਿਹੜੇ, ਨੱਚਣ ਖ਼ੁਸ਼ੀਆਂ ਖੇੜੇ।
ਜੀਵਨ ਭਰ ਤੈਨੂੰ ਪਤਾ ਨਾ ਚੱਲੇ, ਦੁੱਖ ਹੁੰਦੇ ਨੇ ਕਿਹੜੇ।
ਤੇਰੇ 'ਸੈਣੀ' ਦਾ ਕੀ ਇਸ ਨੇ, ਕਰ ਹੀ ਲੈਣਾ ਜੇਰਾ।
ਜਦ ਦਾ ਸੁਣਿਆ.....................................।

•♣•

## ਹੰਝੂ ਭਰ ਭਰ ਆਏ

ਖਵਰੇ ਕੀ ਕਹਿ ਹੋ ਗਿਆ ਮੈਥੋਂ
ਜੋ ਉਹ ਤੁਰ ਗਏ ਭਰੇ ਭਰਾਏ।
ਬੁਝਿਆ ਬੁਝਿਆ ਮਨ ਓਦੋਂ ਦਾ,
ਨੈਣੀਂ ਹੰਝੂ ਭਰ ਭਰ ਆਏ।

ਜਦ ਕਿਧਰੇ ਉਹ ਮਿਲਦੇ ਮੈਨੂੰ,
ਅੰਤਾਂ ਦਾ ਹੈ ਪਿਆਰਾ ਲਗਦਾ।
ਉਸ ਦੇ ਚਿਹਰੇ ਵਿੱਚੋਂ ਹਰਦਮ,
ਇਕ ਮਹਿਰਮ ਦਾ ਚਿਹਰਾ ਦਿਸਦਾ।
ਅੰਦਰ ਬਾਹਰ ਚਾਨਣ ਹੁੰਦਾ,
ਜਦ ਉਹ ਬੋਲੇ ਤੇ ਮੁਸਕਾਵੇ।
ਖਵਰੇ ਕੀ ਕਹਿ.................।

ਜਿਸ ਦਿਨ ਦਾ ਵੇਖਿਆ ਹੈ ਉਸ ਨੂੰ,
ਮਨ ਓਧਰ ਹੀ ਜੁੜਿਆ ਰਹਿੰਦਾ।
ਇਕ ਝਲਕ ਉਸ ਦੀ ਪਾਵਣ ਨੂੰ,
ਇਹ ਮਨ ਹਰ ਪਲ ਥੁੜਿਆ ਰਹਿੰਦਾ।
ਵਖਰੇ ਉਸ ਵਿਚ ਕਿਹੜੀ ਗੱਲ ਹੈ,
ਜੋ ਉਹ ਦਿਲ ਨੂੰ ਇੰਨਾਂ ਭਾਵੇ।
ਖਵਰੇ ਕੀ ਕਹਿ.................।

ਹਰ ਪਲ ਮੈਂ ਸਮਝਾਨਾਂ ਦਿਲ ਨੂੰ,
ਹਰ ਇਕ ਨੂੰ ਅਪਣਾ ਨਹੀਂ ਕਹਿਣਾ।
ਇਹ ਦੁਨੀਆਂ, ਉਹ ਪੰਛੀ ਜਿਸ ਨੇ,
ਅਜ ਇੱਥੇ, ਕਲ ਉਥੇ ਬਹਿਣਾ।
ਪਰ 'ਸੈਣੀ' ਦਿਲ ਭੋਲਾ ਇੰਨਾ,
ਝਟ ਇਹ ਗੱਲਾਂ ਵਿਚ ਆ ਜਾਏ।
ਖਵਰੇ ਕੀ ਕਹਿ.................।

•♣•

## ਹਿਜਰ ਦੀ ਰਾਤ

ਸੱਜਣ ਜੀ! ਮੇਰੀ ਉਮਰ ਤੋਂ ਲੰਮੀ,
ਤੇਰੇ ਹਿਜਰ ਦੀ ਰਾਤ।
ਆ ਜਾ, ਆ ਕੇ ਜਾ ਅੜਿਆ,
ਵਸਲਾਂ ਦੀ ਕੋਈ ਬਾਤ।

ਸਭਨਾਂ ਲਈ ਮੈਂ ਬਣੀ ਪਰਾਈ,
ਵੈਰਨ ਬਣੀ ਹਯਾਤੀ।
ਕਿਸੇ ਨਾ ਪੀੜ ਪਛਾਤੀ।
ਪੈਰ ਪੈਰ ਤੇ ਮਿਲਣ ਠੋਹਕਰਾਂ,
ਹੰਝੂਆਂ ਦੀ ਸੌਗਾਤ।
ਸੱਜਣ ਜੀ! ਮੇਰੀ ਉਮਰ........।

ਸੁਣਿਆ ਸੀ ਕਿ ਹੁਸਨ ਇਸ਼ਕ ਨਾ,
ਵੇਖਣ ਚਿੱਟਾ, ਕਾਲਾ।
ਇਹ ਤਾਂ ਆਪਣੇ ਪਿਆਰੇ ਦੀ ਬੱਸ,
ਰਹਿਣ ਫੇਰਦੇ ਮਾਲ਼ਾ।
ਐਪਰ ਇਹ ਵੀ ਕੂੜ-ਕਹਾਣੀ,
ਸੁਣੀ-ਸੁਣਾਈ ਬਾਤ।
ਸੱਜਣ ਜੀ! ਮੇਰੀ ਉਮਰ........।

ਮੇਰਾ ਹੀ ਜਦ ਰਿਹਾ ਨਾ ਮੇਰਾ,
ਕਿਸ ਨੂੰ ਦਰਦ ਸੁਣਾਵਾਂ?
ਇੰਨਾ ਤਾਂ ਦੱਸ ਓ ਨਿਰਮੋਹੀਆ,
ਕਿਹੜੇ ਖੂਹ ਪੈ ਜਾਵਾਂ?
ਕਦ ਖਿੜਨੀ ਏ ਕਲੀ ਆਸ ਦੀ,
ਹੋਣੀ ਕਦ ਪ੍ਰਭਾਤ?
ਸੱਜਣ ਜੀ! ਮੇਰੀ ਉਮਰ........।

•♣•

## ਕਿਸ ਕੀਤੇ ਇਹ ਟੂਣੇ

ਅੜਿਆ! ਕਿਸ ਕੀਤੇ ਇਹ ਟੂਣੇ।
ਵਾਲਾਂ ਜਿੰਨੀਆਂ ਪੀੜਾਂ ਦਿਲ ਵਿਚ,
ਦਰਦ ਇਹਨਾਂ ਤੋਂ ਦੂਣੇ।
ਅੜਿਆ! ਕਿਸ ਕੀਤੇ ਇਹ ਟੂਣੇ।

ਕਹਿੰਦੇ ਦੁੱਖ ਜਦ ਹੱਦੋਂ ਵਧ ਜਾਏ,
ਖ਼ੁਦ ਹੀ ਬਣੇ ਦਵਾ ਵੇ।
ਥੁਹੜੇ ਜਿਹੇ ਦੁੱਖ ਹੋਰ ਦੇਣ ਨੂੰ,
ਇਕ ਵਾਰੀ ਤਾਂ ਆ ਵੇ।
ਉਹਨਾਂ ਦਾ ਵੀ ਕੀ ਜੀਵਨ ਹੈ,
ਜੀਣ ਜੋ ਦਰਦ-ਵਿਹੂਣੇ?
ਅੜਿਆ! ਕਿਸ..............।

ਜਦ ਵੀ ਆਪਾਂ ਮਿਲੇ, ਤਾਂ ਦਿਲ ਵਿਚ,
ਝੁੱਲੀ ਇਹੋ ਹਨੇਰੀ।
ਹੁਣ ਵੀ ਆਖੂ, ਹੁਣ ਵੀ ਆਖੂ,
"ਮੈਂ ਤੇਰਾ, ਤੂੰ ਮੇਰੀ।"
ਕੀ ਘਟ ਜਾਂਦਾ, ਕਹਿ ਦਿੰਦਾ ਜੇ,
ਇਹ ਦੋ ਬੋਲ ਨਿਗੂਣੇ।
ਅੜਿਆ! ਕਿਸ..............।

ਜਿਉਂ ਜਿਉਂ ਘਟ ਰਹੀ ਉਮਰ ਪਲੋ ਪਲ,
ਤਿਉਂ ਤਿਉਂ ਵਧ ਰਹੀ ਦੂਰੀ।
ਅਪਣੇ ਸੱਜਣ ਨਾਲ ਐ 'ਸੈਣੀ'
ਕੀ ਐਡੀ ਮਗ਼ਰੂਰੀ?
ਕਦ ਤਕ ਆਪਾਂ ਰਹਾਂਗੇ ਦੱਸੀ,
ਏਦਾਂ ਊਣੇ-ਊਣੇ?
ਅੜਿਆ! ਕਿਸ..............।

•♣•

## ਤੈਨੂੰ ਲੱਖ ਮੁਬਾਰਕ ਹੋਵੇ

ਮੇਰੇ ਮਹਿਰਮ, ਮੇਰੇ ਪ੍ਰੀਤਮ,
ਮੇਰੇ ਦਿਲਬਰ ਯਾਰਾ।
ਤੈਨੂੰ ਲੱਖ ਮੁਬਾਰਕ ਹੋਵੇ,
ਤੇਰਾ ਨਵਾਂ ਦਵਾਰਾ।

ਮੱਲੋ-ਮੱਲੀ ਬੰਦੇ ਮੂਹਰੇ,
ਆ ਖੜਦੀ ਮਜਬੂਰੀ।
ਨਾ-ਚਾਹੁੰਦੇ ਵੀ ਪੈ ਜਾਂਦੀ ਏ,
ਸੈ ਕੋਹਾਂ ਦੀ ਦੂਰੀ।
ਹੁਣ ਤਾਂ ਇੰਜ ਹੀ ਕੱਲਿਆਂ ਕੱਲਿਆਂ,
ਕਰਨਾ ਪਊ ਗੁਜਾਰਾ।
ਮੇਰੇ ਦਿਲਬਰ ਯਾਰਾ!

ਕਿਹਨੇ ਦੁੱਖ ਸੁੱਖ ਕਰਨਾ ਆ ਕੇ,
ਕਿਹਨੇ ਦਰਦ ਵੰਡਾਣਾਂ?
ਹੁਣ ਤਾਂ ਤੇਰੀਆਂ ਯਾਦਾਂ ਨਾਲ ਹੀ,
ਚਿੱਤ ਪਊ ਪਰਚਾਣਾ।
ਤੂੰ ਵੀ ਮੇਰੀਆਂ ਗੱਲਾਂ ਕਰਕੇ,
ਭਰ ਲਈ ਆਪ ਹੁੰਗਾਰਾ।
ਮੇਰੇ ਦਿਲਬਰ ਯਾਰਾ!

ਤੇਰੀ ਥਾਂ ਮੇਰੀ ਗੋਦ ਵਿਚ ਹੁਣ,
ਹੰਝੂ, ਹਉਕੇ, ਹੋਣੇ।
ਪੈ ਜਾਣੇ ਨੇ, ਭੋਲੀ ਜਿੰਦ ਨੂੰ,
ਉਮਰਾ ਭਰ ਦੇ ਰੋਣੇ।
ਸੁੰਨਾ ਸੁੰਨਾ ਲਗਣਾ 'ਸੈਣੀ',
ਭਰਿਆ ਇਹ ਜੱਗ ਸਾਰਾ।
ਮੇਰੇ ਦਿਲਬਰ ਯਾਰਾ!

•♣•

## ਦਿਲ ਦਾ ਦੁਖੜਾ

ਕਿਹੜੇ ਜੋਗੀ ਨੂੰ ਜਾ ਪੁੱਛਾਂ,
ਕਿਸ ਵਿਧ ਉਮਰ ਲੰਘਾਵਾਂ ?
ਸਜਣਾ ! ਤੁਧ ਬਿਨ, ਦਿਲ ਦਾ ਦੁਖੜਾ,
ਕਿਸ ਨੂੰ ਖੋਲ੍ਹ ਸੁਣਾਵਾਂ ?

ਘੁਟ ਘੁਟ ਮੋਈਆਂ, ਮੇਰੀਆਂ ਸੱਧਰਾਂ,
ਮਰ ਗਏ ਚਾਅ ਅਧਵਾਟੇ।
ਜੋਬਨ-ਰੁੱਤੇ, ਢਲਿਆ ਜੋਬਨ,
ਤਕ ਤਕ ਹਿਕੜੀ ਪਾਟੇ।
ਮੈਂ ਉਹ ਥਾਂ, ਜਿਸ ਤੋਂ ਬਿਨ-ਵਰ੍ਹਿਆਂ,
ਗਈਆਂ ਲੰਘ ਘਟਾਵਾਂ।
ਸਜਣਾ ! ਤੁਧ ਬਿਨ.........।

ਲੂੰ ਲੂੰ ਮੇਰਾ ਤੜਪੇ ਮਹਿਰਮ,
ਅੰਗ ਅੰਗ ਪੈਣ ਤਰਾਟਾਂ।
ਕਚ-ਕਚੂਰ ਜਿਹਾ ਤਨ ਸਾੜਨ,
ਹਿਜਰ ਤੇਰੇ ਦੀਆ ਲਾਟਾਂ।
ਮੈਂ ਚੰਬੇ ਦੀ ਕਲ ਹਾਣੀਆਂ,
ਬਾਲਣ ਬਣ ਬਣ ਜਾਵਾਂ।
ਸਜਣਾ ! ਤੁਧ ਬਿਨ.........।

ਕਰ ਕਰ ਤੈਨੂੰ ਚੇਤੇ 'ਸੈਣੀ'
ਨਿਤ ਇਉਂ ਹੰਝੂ ਕੇਰੇ।
ਹੋ ਜਾਂਦੇ ਨੇ ਜਿਉਂ ਪਰਛਾਵੇਂ,
ਸੂਰਜ ਢਲੇ ਲਮੇਰੇ।
ਮੈਂ ਉਹ ਰੁੱਖੜਾ, ਜਿਸ ਤੋਂ ਮਹਿਰਮ,
ਖੋਹ ਲਈਆਂ ਨੇ ਛਾਵਾਂ।
ਸਜਣਾ ! ਤੁਧ ਬਿਨ.........।

## ਰੋਗ ਅਵੱਲਾ

ਮੈਂ ਭੁੱਲਿਆ, ਭੁੱਲ-ਭੁਲੇਖੇ ਵਿਚ, ਬਸ ਪਿਆਰ ਕਿਸੇ ਨਾਲ ਪਾ ਬੈਠਾ।
ਇਸ ਕੁੰਦਨ ਵਰਗੀ ਦੇਹੀ ਨੂੰ, ਇਕ ਰੋਗ ਅਵੱਲਾ ਲਾ ਬੈਠਾ।

ਮੇਰੇ ਬੁੱਲ੍ਹੀ ਛਾਪ ਜੋ ਲੱਗੀ ਹੈ, ਲਾਹੁਣ ਲੱਗਿਆਂ ਲਹਿੰਦੀ ਨਹੀਂ।
ਮੇਰੀ ਜੀਭਾ ਕੰਬ ਕੰਬ ਜਾਂਦੀ ਹੈ, ਕੁਝ ਕਹਿਣਾ ਚਾਹੁੰਦੀ, ਕਹਿੰਦੀ ਨਹੀਂ।
ਹਾਇ! ਕਿੰਜ ਦੱਸਾਂ ਕਿ ਜ਼ਹਿਰ ਨੂੰ ਮੈਂ ਮਿੱਠੇ ਦੇ ਭਾਣੇ ਖਾ ਬੈਠਾ।
ਮੈਂ ਭੁੱਲਿਆ, ਭੁੱਲ-ਭੁਲੇਖੇ ਵਿਚ.................................।

ਕਦੇ ਹਾਸੇ ਦੀਆਂ ਛਣਕਾਰਾਂ ਸਨ, ਹੁਣ ਦਰਦ ਕੀਰਨੇ ਪਾਉਂਦਾ ਹੈ।
ਜੋ ਨੇੜੇ ਢੁਕ ਢੁਕ ਬਹਿੰਦਾ ਸੀ, ਹੁਣ ਤਕਣੋਂ ਵੀ ਘਬਰਾਉਂਦਾ ਹੈ।
ਜਿਸ ਦੁਨੀਆਂ ਮੇਰੀ ਵਸਾਈ ਸੀ, ਉਹ ਦੁਨੀਆਂ ਨਵੀਂ ਵਸਾ ਬੈਠਾ।
ਮੈਂ ਭੁੱਲਿਆ, ਭੁੱਲ-ਭੁਲੇਖੇ ਵਿਚ.................................।

ਚਿੱਟੇ ਦਿਨ ਜਿਹੀ ਸੱਚਾਈ ਹੈ, ਇੱਥੇ ਕਿਸੇ ਦਿਲ ਵਿਚ ਪਿਆਰ ਨਹੀਂ।
ਇਹ ਸਭ ਮਤਲਬ ਦੇ ਬੰਦੇ ਨੇ, ਕੋਈ ਯਾਰ ਨਹੀਂ, ਗ਼ਮਖ਼ਾਰ ਨਹੀਂ।
ਇਸ ਝੂਠੇ ਮੋਹ ਦੀ ਮਾਇਆ ਵਿਚ, ਐਵੇਂ ਹੀ ਜਿੰਦ ਫਸਾ ਬੈਠਾ।
ਮੈਂ ਭੁੱਲਿਆ, ਭੁੱਲ-ਭੁਲੇਖੇ ਵਿਚ.................................।

ਮੈਂ ਲਿਖ ਅਫ਼ਸਾਨੇ ਦਰਦਾਂ ਦੇ, ਕੁਝ ਅਪਣਾ ਦਰਦ ਘਟਾ ਲਾਂਗਾ।
'ਕਿਸਮਤ ਵਿਚ ਏਦਾਂ ਹੀ ਲਿਖਿਆ ਸੀ', ਇਹ ਕਹਿ ਕੇ ਦਿਲ ਸਮਝਾ ਲਾਂਗਾ।
ਕੁਝ ਬੀਤ ਗਈ, ਕੁਝ ਬੀਤ ਜਾਊ, ਇਹ 'ਸੈਣੀ' ਮਨ ਬਣਾ ਬੈਠਾ।
ਮੈਂ ਭੁੱਲਿਆ, ਭੁੱਲ-ਭੁਲੇਖੇ ਵਿਚ.................................।

•♣•

## ਤੇਰਾ ਚੇਤਾ ਸਤਾਂਦਾ ਹੈ

ਮੇਰੇ ਵਿਛੜੇ ਹੋਏ ਸਜਣਾ, ਤੇਰਾ ਚੇਤਾ ਸਤਾਂਦਾ ਹੈ।
ਤੇਰੇ ਤੁਰ ਜਾਣ ਦਾ ਝੋਰਾ, ਮੇਰੇ ਹੱਡਾਂ ਨੂੰ ਖਾਂਦਾ ਹੈ।

ਤੇਰੇ ਝਉਲੇ ਜਿਹੇ ਪੈਂਦੇ, ਜਿਧਰ ਦੀ ਵੀ ਗੁਜ਼ਰਦਾ ਹਾਂ।
ਤੇਰੇ ਹੀ ਨਕਸ ਦਿਸਦੇ ਨੇ, ਮੈਂ ਜੋ ਚਿਹਰਾ ਵੀ ਤਕਦਾ ਹਾਂ।
ਚੁਫੇਰਾ ਜਾਪਦੈ ਜਿੱਦਾਂ, ਤੇਰੇ ਹੀ ਗੀਤ ਗਾਂਦਾ ਹੈ।
ਮੇਰੇ ਵਿਛੜੇ...........................................।

ਸਦਾ ਤੂੰ ਇਹੋ ਕਹਿੰਦਾ ਸੈਂ, ਨਹੀਂ ਤੈਨੂੰ ਭੁਲਾਵਾਂਗਾ।
ਜ਼ਮਾਨਾ ਜੋ ਕਹੇ ਮਰਜ਼ੀ, ਮੈਂ ਆਵਾਂਗਾ, ਮੈਂ ਆਵਾਂਗਾ।
ਉਹ ਗੱਲਾਂ ਯਾਦ ਜਦ ਆਵਣ, ਕਲੇਜਾ ਮੂੰਹ ਨੂੰ ਆਂਦਾ ਹੈ।
ਮੇਰੇ ਵਿਛੜੇ...........................................।

ਤੂੰ ਕਿੱਦਾਂ ਹੈਂ, ਤੂੰ ਕਿੱਥੇ ਹੈ, ਕਦੇ ਤਾਂ ਦੱਸਿਆ ਹੁੰਦਾ।
ਕਦੇ ਕੋਈ ਸੁਨੇਹਾ ਹੀ, ਕਿਸੇ ਹੱਥ ਘੱਲਿਆ ਹੁੰਦਾ।
ਕਿਸੇ ਤੋਂ ਵੀ ਨਹੀਂ ਸੁਣਿਆ ਕਿ ਉਹ ਤੈਨੂੰ ਬੁਲਾਂਦਾ ਹੈ।
ਮੇਰੇ ਵਿਛੜੇ...........................................।

ਮੇਰੇ ਪ੍ਰਾਣਾਂ ਤੋਂ ਵੀ ਪਿਆਰੇ, ਮੇਰੇ ਮਹਿਰਮ! ਭਲਾ ਹੋਵੇ।
ਉਵੇਂ ਰਾਜੀ ਹੈ ਇਹ 'ਸੈਣੀ', ਜਿਵੇਂ ਤੇਰੀ ਰਜ਼ਾ ਹੋਵੇ।
ਮੇਰੇ ਪਿੰਡੇ ਦਾ ਲੂੰ ਲੂੰ, ਖ਼ੈਰ ਤੇਰੀ ਹੀ ਮਨਾਂਦਾ ਹੈ।
ਮੇਰੇ ਵਿਛੜੇ...........................................।

•♣•

## ਅੰਗ ਅੰਗ ਪੈਂਦੇ ਕੜਵੱਲ

ਤੈਨੂੰ ਚੰਨਿਆ! ਉਡੀਕਦਾ ਮੈਂ ਸੰਝ ਤੇ ਸਵੇਰ।
ਤੇਰੇ ਆਉਣ ਵਿਚ ਹੁੰਦੀ ਜਦੋਂ ਰਤਾ ਵੀ ਅਵੇਰ।
ਮੇਰੇ ਅੰਗ ਅੰਗ ਪੈਂਦੇ ਕੜਵੱਲ ਹਾਣੀਆਂ।
ਨਾ ਆਣ ਦੀ ਹੈ ਦੱਸ ਕਿਹੜੀ ਗੱਲ ਹਾਣੀਆਂ।

ਮੈਂ ਤਾਂ ਅੱਠੇ ਪਹਿਰ, ਤੇਰੀਆਂ ਹੀ ਸੋਚਾਂ ਸੋਚਦਾਂ।
ਤੈਨੂੰ ਬਾਰ ਬਾਰ ਮਿਲਣ ਦੇ ਬਹਾਨੇ ਲੋਚਦਾਂ।
ਜਦੋਂ ਮਿਲੇ ਨਾ ਤੂੰ ਯਾਰ, ਮੇਰਾ ਮੁੱਕਦਾ ਕਰਾਰ,
ਨਾਲੇ ਸੀਨੇ ਵਿਚ ਉੱਠਦੇ ਨੇ ਸੱਲ ਹਾਣੀਆਂ।
ਨਾ ਆਣ ਦੀ......................................।

ਤੇਰਾ ਪਿਆਰ, ਮੇਰੀ ਜਿੰਦ, ਮੇਰੀ ਜਾਨ ਚੰਨਿਆ।
ਮੇਰੇ ਦਿਲ ਦਾ ਤੂੰ ਸ਼ਾਹੀ, ਸੁਲਤਾਨ ਚੰਨਿਆ।
ਤੂਹੀਉਂ ਰੰਗ ਤੇ ਰੂਪ, ਤੂਹੀਉਂ ਰੱਬ ਦਾ ਸਰੂਪ,
ਤੂਹੀਉਂ ਆਸਮਾਂ ਤੇ ਤੂਹੀਉਂ ਜਲ ਥਲ ਹਾਣੀਆਂ।
ਨਾ ਆਣ ਦੀ......................................।

ਮੇਰੇ ਸੀਨੇ ਵਿਚ ਸਾਹਾਂ ਵਾਂਗੂ ਤੇਰਾ ਆਣ ਜਾਣ।
ਤੇਰੇ ਨਾਲ ਹੀ ਹੈ 'ਸੈਣੀ', ਮੇਰਾ ਸਾਰਾ ਜੀ-ਪ੍ਰਾਣ।
ਤੇਰੇ ਸਦਕੇ ਮੈਂ ਜਾਵਾਂ, ਤੈਨੂੰ ਕਦੇ ਨਾ ਭੁਲਾਵਾਂ,
ਤੂੰ ਵੀ ਕਰਿਆ ਨਾ ਕਰ, ਅੱਜ-ਕੱਲ੍ਹ ਹਾਣੀਆਂ।
ਨਾ ਆਣ ਦੀ......................................।

•♣•

## ਤੇਰਾ ਹਾਸਾ ਬੱਲੀਏ

ਕਿੰਨੇ ਫੁੱਲ ਹੈ ਖਿੜਾਂਦਾ, ਤੇਰਾ ਹਾਸਾ ਬੱਲੀਏ।
ਤੇਰੀ ਦੀਦ ਦਾ ਇਹ ਦਿਲ ਹੈ ਪਿਆਸਾ ਬੱਲੀਏ।

ਤੇਰੀ ਤੋਰ ਵਿਚ ਸੈਆਂ ਮੁਰਗਾਬੀਆਂ ਦੀ ਤੋਰ।
ਤੈਨੂੰ ਨੱਚਦੀ ਨੂੰ ਵੇਖ, ਪੈਲਾਂ ਭੁੱਲ ਜਾਂਦੇ ਮੋਰ।
ਤੇਰਾ ਹਰਨਾਂ ਦੀਆਂ ਚੁੰਗੀਆਂ 'ਚ ਵਾਸਾ ਬੱਲੀਏ।
ਤੇਰੀ ਦੀਦ ਦਾ.....................................।

ਤੂੰ ਜੋ ਵੀ ਬੋਲਦੀ ਤਾਂ 'ਵਾਵਾਂ 'ਚ ਪਤਾਸੇ ਘੁਲਦੇ।
ਤੂੰ ਜੋ ਵੇਖਦੀ ਤਾਂ ਕਲੀਆਂ ਦੇ ਘੁੰਡ ਖੁਲ੍ਹਦੇ।
ਤੇਰਾ ਅੰਗ ਅੰਗ ਮਹਿਕਾਂ ਦਾ ਮੜਾਸਾ ਬੱਲੀਏ।
ਤੇਰੀ ਦੀਦ ਦਾ.....................................।

ਤੇਰੇ ਮੇਲ ਵਿਚ ਖ਼ੁਸ਼ੀਆਂ ਦੇ ਚਾਅ ਨੇ ਹਜ਼ਾਰ।
ਤੇਰਾ ਮੇਲ ਇਕ ਖਿੜੀ ਹੋਈ ਰੁੱਤ ਗੁਲਜ਼ਾਰ।
ਉਹਦਾ ਜੀਣ ਕੀ ਤੂੰ ਵੱਟੇ ਜਿਹਤੋਂ ਪਾਸਾ ਬੱਲੀਏ।
ਤੇਰੀ ਦੀਦ ਦਾ.....................................।

ਸ਼ਾਲਾ! ਜੁਗ ਜੁਗ ਮਾਣੇਂ ਤੂੰ, ਜਵਾਨੀ ਦੀ ਬਹਾਰ।
ਤੇਰੇ ਅੱਗੇ ਪਿੱਛੇ ਰਹਿਣ 'ਸੈਣੀ' ਚਾਅ ਬੇਸ਼ੁਮਾਰ।
ਤੇਰੇ ਬੁੱਲ੍ਹਾਂ ਉਤੇ ਰਹੇ ਸਦਾ ਹਾਸਾ ਬੱਲੀਏ।
ਤੇਰੀ ਦੀਦ ਦਾ.....................................।

•♣•

## ਚੂੜੀਆਂ

ਸੂਹੀਆਂ-ਸੂਹੀਆਂ, ਨੀਲੀਆਂ ਤੇ ਪੀਲੀਆਂ ਲੂਸੜੀਆਂ।
ਦੱਸ ਮੇਰੇ ਚੰਨਾ, ਕਾਹਤੋਂ ਭੇਜੀਆਂ ਨਹੀਂ ਚੂੜੀਆਂ?

ਚੂੜੀਆਂ ਨਾ ਭੇਜ ਕੇ ਤੂੰ, ਸਗੋਂ ਤੜਪਾਇਆ ਏ।
ਅੱਲੇ ਅੱਲੇ ਜ਼ਖ਼ਮਾਂ ਤੇ ਚਾਕੂ ਫਿਰ ਚਲਾਇਆ ਏ।
ਹੁੰਦੀਆਂ ਨਹੀਂ ਇੰਜ ਤਾਂ, ਪ੍ਰੀਤਾਂ ਕਦੇ ਗੂੜ੍ਹੀਆਂ।
ਦੱਸ ਮੇਰੇ ਚੰਨਾ........................................?

ਕੱਲਾ ਤਾਂ ਉਜਾੜਾਂ 'ਚ ਵੀ, ਹੋਵੇ ਕੋਈ ਰੁੱਖ ਨਾ।
ਕੱਲੇ ਕੋਲ ਕਦੇ ਵੀ ਤਾਂ, ਕੱਟੇ ਜਾਂਦੇ ਦੁੱਖ ਨਾ।
ਤੇਰੇ ਬਾਝੋਂ ਸੱਧਰਾਂ, ਵਿਛੋੜੇ ਵਿਚ ਨੂੜੀਆਂ।
ਦੱਸ ਮੇਰੇ ਚੰਨਾ........................................?

ਨਾਲ ਤੇਰੇ ਹਾਇ! ਜਿਹੜੇ ਪਲ ਮੈਂ ਗੁਜ਼ਾਰੇ ਸੀ।
ਯਾਦ ਮੈਨੂੰ ਆਣ ਉਹ ਤਾਂ ਹੋਰ ਹੀ ਨਜ਼ਾਰੇ ਸੀ।
ਇਕ ਵਾਰੀ ਆ ਜਾ 'ਸੈਣੀ' ਛੱਡ ਗੱਲ ਕੂੜੀਆਂ।
ਦੱਸ ਮੇਰੇ ਚੰਨਾ........................................?

•♣•

## ਖੇੜੇ ਵਿਆਹ ਲੈ ਚੱਲੇ

ਸਜਨਾ ਵੇ! ਅਜ ਹੀਰ ਤੇਰੀ ਨੂੰ, ਖੇੜੇ ਵਿਆਹ ਲੈ ਚੱਲੇ।
ਮਿੱਠਤ ਵੰਡਦੀ ਜ਼ਿੰਦਗੀ ਦੇ ਰਾਹ, ਅਜ ਕੁੜੱਤਣਾਂ ਮੱਲੇ।

ਡੋਲੀ ਨਹੀਂ ਇਹ ਚੰਨਿਆ ਮੇਰੀ, ਅਰਥੀ ਲੰਘਦੀ ਜਾਂਦੀ।
ਤੇਰੇ ਦਿਲ ਦੀ ਰਾਣੀ ਵੇ ਅਜ, ਤੁਰ ਚੱਲੀ ਬਣ ਬਾਂਦੀ।
ਅਜ ਦੀ ਰੌਣਕ, ਗੀਤ ਸ਼ਗਨ ਦਾ, ਮੇਰੇ ਦਿਲ ਨੂੰ ਸੱਲੇ।
ਸਜਨਾ ਵੇ!ਅਜ............................................।

ਮਰ ਜਾਣਾ ਸਭ ਖ਼ੁਸ਼ੀਆਂ ਨੇ ਹੁਣ, ਜ਼ਹਿਰ ਜੁਦਾਈ ਖਾ ਕੇ।
ਰੋਂਦੀਆਂ ਪਿਟਦੀਆਂ ਯਾਦਾਂ ਵੀ ਤੁਰ ਜਾਣਾ ਸੋਗ ਮਨਾ ਕੇ।
ਲੱਖ ਪਿਆਰ ਦੀਆਂ ਭਰਨ ਝੋਲੀਆਂ, ਖਾਲੀ ਰਹਿਣੇ ਪੱਲੇ।
ਸਜਨਾ ਵੇ!ਅਜ............................................।

ਤੇਰੇ ਬਿਨ ਵੇ ਦੁਨੀਆਂ ਅੰਦਰ, ਕੋਈ ਨਾ ਮੇਰਾ ਅਪਣਾ।
ਤੇਰੇ ਬਾਝੋਂ ਦਿਲ ਦਾ ਵਿਹੜਾ, ਰਹਿਣਾ ਸੱਖਣਾ-ਸੱਖਣਾ।
ਕਿੰਜ ਰਹਾਂਗੇ ਸਮਝ ਨਹੀਂ ਆਉਂਦੀ, ਆਪਾਂ ਕੱਲੇ ਕੱਲੇ।
ਸਜਨਾ ਵੇ!ਅਜ............................................।

ਅੱਛਾ ਲਾਲਣ! ਹੁਣ ਤਾਂ ਇੰਜ ਹੀ ਕਰਨਾ ਪਊ ਗੁਜ਼ਾਰਾ।
ਜਿਵੇਂ ਕਿਵੇਂ ਵੀ ਪਊਗਾ ਚੱਕਣਾ, ਗ਼ਮ ਗੱਡੇ ਤੋਂ ਭਾਰਾ।
ਰੱਬ ਦੀ ਮਰਜ਼ੀ ਅੱਗੇ 'ਸੈਣੀ' ਕੋਈ ਨਾ ਚਾਰਾ ਚੱਲੇ।
ਸਜਨਾ ਵੇ!ਅਜ............................................।

## ਤੇਰਾ ਖੱਤ ਨਾ ਆਇਆ

ਅਜ ਵੀ ਤੱਕ ਤੱਕ ਥੱਕੀਆਂ ਅੱਖੀਆਂ,
ਤੇਰਾ ਖ਼ਤ ਨਾ ਆਇਆ।
ਜਿੰਨਾ ਵੀ ਤੜਪਾ ਸਕਿਉਂ ਤੂੰ,
ਓਨਾ ਹੀ ਤੜਪਾਇਆ।
ਅਜ ਵੀ ਤੱਕ ਤੱਕ...............।

ਫਿਰ ਘੋਲੀ ਮੇਰੀ ਆਸ ਦੇ ਵਿਚ ਦੁਧ ਵਿਚ,
ਮਜਬੂਰੀ ਦੀ ਕਾਂਜੀ।
ਅਜ ਫਿਰ ਮੇਰੀ, ਉਡੀਕ ਦੀ ਸਰਦਲ,
ਰਹਿ ਗਈ, ਪੋਚੀ ਮਾਂਜੀ।
ਫੇਰ ਅੱਜ ਰੋਮ ਰੋਮ ਨੇ,
ਗੀਤ ਬ੍ਰਿਹੋਂ ਦਾ ਗਾਇਆ।
ਅਜ ਵੀ ਤੱਕ ਤੱਕ...............।

ਭਰ ਜੋਬਨ ਮੇਰੀ ਹਸਰਤ ਮਰ ਗਈ,
ਮਰ ਗਏ ਚਾਅ ਅਧਵਾਟੇ।
ਸੋਚਾਂ ਖੁਭਿਆ, ਅਪਣਾ ਆਪਾ,
ਤੱਕ ਕੇ ਹਿਕੜੀ ਪਾਟੇ।
ਮੇਰੇ ਖ਼ਾਮੋਸ਼ ਖਿਆਲਾਂ ਨੂੰ ਤੂੰ,
ਤੜਪ ਦਾ ਜ਼ਹਿਰ ਪਿਆਇਆ।
ਅਜ ਵੀ ਤੱਕ ਤੱਕ...............।

ਕਲਪ ਕਲਪ ਹਰ ਦਿਨ ਲੰਘਾਵਾਂ,
ਵਿਆਕੁਲਤਾ ਵਿਚ ਰਾਤਾਂ।
ਛਿਣ ਛਿਣ ਚੇਤੇ ਆਉਣ 'ਸੈਣੀਆ'
ਤੇਰੀਆਂ ਮਿੱਠੀਆਂ ਬਾਤਾਂ।
ਕਦੋਂ ਭੁਲਾਇਆਂ, ਭੁੱਲਦੈ ਕੋਈ,
ਕਿਸ ਤੋਂ ਗਿਆ ਭੁਲਾਇਆ?
ਅਜ ਵੀ ਤੱਕ ਤੱਕ...............।

•♣•

## ਤੂੰ ਤਾਂ ਪੀੜ ਨਾ ਜਾਣੀ

ਸਜਣਾ! ਤੂੰ ਤਾਂ ਪੀੜ ਨਾ ਜਾਣੀ।
ਮੈਂ ਪਰ ਤੇਰੇ ਪਿਆਰ ਦੇ ਲੇਖੇ,
ਲਾਈ ਜਿੰਦ ਨਿਮਾਣੀ।
ਸਜਣਾ! ਤੂੰ ਤਾਂ......................।

ਹਿਜਰ ਤੇਰਾ, ਨਿੱਤ ਮੇਰੇ ਦਿਲ ਤੇ,
ਛਾਲੇ ਇੰਜ ਬਣਾਂਦਾ।
ਜਿੱਦਾਂ ਕਿਸੇ ਮਲੂਕ ਜਿਸਮ ਤੇ,
ਗਰਮ ਤੇਲ ਪੈ ਜਾਂਦਾ।
ਰੋ ਰੋ ਮੇਰੇ ਦੀਦਿਆਂ ਵਿੱਚੋਂ,
ਮੁੱਕ ਗਿਆ ਏ ਪਾਣੀ।
ਸਜਣਾ! ਤੂੰ ਤਾਂ......................।

ਨਿਤ ਨਿਤ ਯਾਦ ਤੇਰੀ ਨੂੰ ਅੜਿਆ,
ਜਿਗਰ ਦਾ ਮਾਸ ਖੁਆਵਾਂ।
ਆਪਣੇ ਤਨ ਦਾ ਪੋਟਾ ਪੋਟਾ,
ਇਸ ਦੇ ਲੇਖੇ ਲਾਵਾਂ।
ਤੁਪਕਾ ਤੁਪਕਾ ਖ਼ੂਨ ਪਿਆਵਾਂ,
ਇਸ ਨੂੰ ਕਰ ਕੇ ਪਾਣੀ।
ਸਜਣਾ! ਤੂੰ ਤਾਂ......................।

ਜਿਉਂ ਸੂਰਜ ਪੱਛਮੋਂ ਨਹੀਂ ਚੜ੍ਹਦਾ,
ਚੜ੍ਹਨ ਨਾ ਦਿਨ ਵਿਚ ਤਾਰੇ।
ਜਿਵੇਂ ਸਮੁੰਦਰ ਪੂਰ ਨਾ ਹੁੰਦੇ,
ਮਿਲਣ ਨਾ ਜਿਵੇਂ ਕਿਨਾਰੇ।
ਏਦਾਂ ਸਾਡਾ ਮਿਲਣ ਹੈ ਕੀਤਾ,
ਇਸ ਮਜ਼ਬਾਂ ਦੀ ਤਾਣੀ।
ਸਜਣਾ! ਤੂੰ ਤਾਂ......................।

ਇਕ ਇਕ ਗੱਲ ਦੀ ਇਹ ਦੁਨੀਆਂ ਤਾਂ,
ਸੌ ਸੌ ਗੱਲ ਬਣਾਏ।
ਕੀ ਰੋਸਾ ਹੈ ਹੋਰਾਂ ਤੇ ਜਦ,
ਅਪਣੇ ਹੀ ਹੋਣ ਪਰਾਏ।
ਤੂੰ ਵੀ ਭੋਰਾ ਗੱਲ ਦੀ 'ਸੈਣੀ'
ਘੜ ਲਈ ਐਡ ਕਹਾਣੀ।
ਸਜਣਾ! ਤੂੰ ਤਾਂ......................।

•♣•

## ਕੈਸੇ ਸਾਡੇ ਲੇਖ ਓ ਯਾਰਾ

ਕੈਸੀ ਸਾਡੀ ਕਿਸਮਤ ਹੈ ਇਹ,
ਕੈਸੇ ਸਾਡੇ ਲੇਖ ਓ ਯਾਰਾ।
ਮਿਲਣਾ ਤਾਂ ਕੀ, ਇਕ ਦੂਜੇ ਨੂੰ,
ਅਸੀਂ ਨਾ ਸਕਦੇ ਵੇਖ ਓ ਯਾਰਾ।
ਕੈਸੇ ਸਾਡੇ.........................।

ਹਰ ਪਲ ਦਿਲ ਨੂੰ ਡੋਬੂ ਪੈਂਦੇ,
ਹਰ ਪਲ ਟੁੱਟਣ ਆਸਾਂ।
ਖੇਰੂੰ ਖੇਰੂੰ ਹੋ ਜਾਂਦੇ ਨੇ,
ਮੈਂ ਜੋ ਸੁਪਨ ਕਿਆਸਾਂ।
ਦੁਨੀਆਂ ਵਾਂਗੂ, ਮੇਰੇ ਕੋਲੋਂ,
ਕਰ ਨਾ ਹੁੰਦੇ, ਭੇਖ ਓ ਯਾਰਾ।
ਕੈਸੇ ਸਾਡੇ.........................।

ਛਾਲੇ ਬਣ ਬਣ ਹੰਝੂ ਨਿਕਲਣ,
ਲਾਵਾ ਬਣ ਬਣ ਹਾਵੇ।
ਤੇਰੇ ਚੇਤਿਆਂ ਦੀ ਅੱਗ ਮੈਨੂੰ,
ਅਹਿਰਨ ਵਾਂਗ ਤਪਾਵੇ।
ਹੁਣ ਤਾਂ ਆਪਣੇ ਹੀ ਸਾਹਾਂ ਦਾ,
ਸਹਿ ਨਾ ਹੁੰਦਾ ਸੇਕ ਓ ਯਾਰਾ।
ਕੈਸੇ ਸਾਡੇ.........................।

ਮਰ ਗਿਆ ਦਿਲ ਦਾ, ਹਰ ਇਕ ਖੇੜਾ,
ਲੁਟ ਪੁਟ ਗਏ ਚਾਅ ਸਾਰੇ।
ਕੋਮਲ ਕੋਲਮ ਜਜ਼ਬੇ ਦਿਲ ਦੇ,
ਬਣ ਗਏ ਪੱਥਰ ਭਾਰੇ।
ਹਾੜਾ! ਕਦੇ ਤਾਂ ਮਿਲਣ ਦਾ 'ਸੈਣੀ',
ਵੇਲਾ-ਵਕਤ ਕੋਈ ਵੇਖ ਓ ਯਾਰਾ।
ਕੈਸੇ ਸਾਡੇ.........................।

•♣•

## ਆ ਜਾਓ ਜੀ

ਆ ਜਾਓ, ਮੇਰੇ ਸੁਹਣੇ ਚੰਨ ਜੀ,
ਆ ਜਾਓ, ਆ ਜਾਓ ਜੀ।
ਏਦਾਂ ਟਾਲਮਟੋਲਾਂ ਕਰਕੇ,
ਬਹੁਤਾ ਨਾ ਤੜਪਾਓ ਜੀ।

ਤੁਧ ਬਾਝ ਨਾ ਸੁੰਹਦਾ ਮੈਨੂੰ,
ਪੀਣਾ, ਖਾਣਾ, ਪਾਣਾ।
ਬੋਝ ਬੋਝ ਜਿਹਾ ਜਾਪੇ ਅੜਿਆ,
ਸਾਰਾ ਪੇਟਾ ਤਾਣਾ।
ਸੋਚ ਦੇ ਵਾਂਗੂ ਪਲਕ ਝਲਕ ਵਿਚ,
ਆਓ! ਦੇਰ ਨਾ ਲਾਓ ਜੀ।
ਆ ਜਾਓ ਮੇਰੇ..................।

ਇਹ ਮੰਨਿਆ ਕਿ ਅਸਲ ਵਿਚ ਹੈ,
ਰੋਣਾ ਇਕ ਕਮਜੋਰੀ।
ਕੀ ਕਰਾਂ ਪਰ ਜਦ ਇਹ ਭੈੜਾ,
ਆ ਜਾਏ ਮੱਲੋ-ਜੋਰੀ।
ਮ੍ਰਿਗ-ਤ੍ਰਿਸ਼ਨਾ ਵਾਂਗ ਬਣੀ ਜੋ,
ਜਿੰਦ ਮੇਰੀ ਤ੍ਰਿਪਤਾਓ ਜੀ।
ਆ ਜਾਓ ਮੇਰੇ..................।

ਗੱਲ ਕਰਿਆਂ, ਗੱਲ ਵਧਣ ਦਾ ਡਰ ਹੈ,
ਚੁਪ ਰਹਾਂ ਤਾਂ ਦੋਸ਼ੀ।
ਮੇਰੀ ਜਾਨ-ਲੇਵਾ ਸਿੱਧ ਹੋਊ,
'ਸੈਣੀ' ਇਹ ਖ਼ਾਮੋਸ਼ੀ।
ਲੱਖਾਂ ਕਹੀਆਂ ਸੁਣੀਆਂ ਵਿਚੋਂ,
ਕੋਈ ਤਾਂ ਗੱਲ ਪੁਗਾਓ ਜੀ।
ਆ ਜਾਓ ਮੇਰੇ..................।

•♣•

## ਜੋਗੀ ਆਇਆ

ਸਾਡੇ ਸ਼ਹਿਰ ਇਕ ਜੋਗੀ ਆਇਆ, ਹੈ ਪੀਰਾਂ ਦਾ ਪੀਰ।
ਜੇ ਚਾਹਵੇ ਤਾਂ ਮਾਰ ਕੇ ਚੁਟਕੀ, ਬਦਲ ਦਏ ਤਕਦੀਰ।
ਉਸਦੇ ਪਿੱਛੇ ਫਿਰਨ ਬੌਰੀਆਂ, ਕੀ ਸੁਹਣੀ ਕੀ ਹੀਰ।
ਜਦ ਵੀ ਨਜ਼ਰ ਮਿਲ ਕੇ ਤੱਕੇ, ਦਵੇ ਕਲੇਜਾ ਚੀਰ।
ਸਾਡੇ ਸ਼ਹਿਰ ਇਕ..........................................।

ਦੁਧ ਵੀ ਦੇਵੇ, ਪੁੱਤ ਵੀ ਦੇਵੇ, ਖਸਮ ਨੂੰ ਵੱਸ ਕਰਾਵੇ।
ਵੇਖਦਿਆਂ ਹੀ ਪਲਾਂ ਛਿਣਾਂ ਵਿਚ, ਹੱਥ ਤੇ ਸਰ੍ਹੋਂ ਜਮਾਵੇ।
ਜੱਗ ਦੀਆਂ ਸਭ ਨੇਹਮਤਾਂ ਉਸ ਨੂੰ, ਜੋ ਵੀ ਸ਼ਰਨ 'ਚ ਆਵੇ।
ਜ਼ਖਮਾਂ ਦੀ ਥਾਂ ਮੱਲਮ ਲਾਵਣ, ਉਦ੍ਹੇ ਨੈਣਾਂ ਦੇ ਤੀਰ।
ਸਾਡੇ ਸ਼ਹਿਰ ਇਕ..........................................।

ਗਲ਼ ਵਿਚ ਮਾਲ਼ਾ, ਹੱਥ ਕਲਮੰਡਲ, ਮੋਢੇ ਭਗਵਾਂ ਪਰਨਾ।
ਓਦੋਂ ਅਲਖ ਜਗਾਂਦਾ ਘਰ ਘਰ, ਜਦ ਕੋਈ ਹੋਵੇ ਘਰ ਨਾ।
ਮਿਕਨਾਤੀਸੀ ਸੂਰਤ ਉਹਦੀ, ਗੁੱਸਾ ਵੀ ਕੀ ਕਰਨਾ।
ਬੁੱਕਲ ਵਿਚ ਲੈ ਲੈ ਕੇ ਸਭ ਨੂੰ ਉਹ ਬੰਨ੍ਹਾਉਂਦਾ ਧੀਰ।
ਸਾਡੇ ਸ਼ਹਿਰ ਇਕ..........................................।

ਮਖ਼ਮਲ ਵਰਗੇ ਜੁੱਸੇ ਵਾਲਾ, ਉਸ ਰੱਬ ਦੀਆਂ ਰੱਖਾਂ।
ਸਾਗਰ ਵਰਗਾ ਹਿਰਦਾ ਉਹਦਾ, ਸੂਰਜ ਵਰਗੀਆਂ ਅੱਖਾਂ।
ਉਸਦੇ ਵਰਗਾ ਕੋਈ ਨਾ ਜੱਗ ਵਿਚ, ਮੇਰੇ ਜਿਹੀਆਂ ਲੱਖਾਂ।
ਮੇਰੇ ਤਾਂ ਨੈਣਾਂ ਵਿਚ ਉਸ ਦੀ, ਉੱਕਰ ਗਈ ਤਸਵੀਰ।
ਸਾਡੇ ਸ਼ਹਿਰ ਇਕ..........................................।

•♣•

## ਖੂਹ ਟੋਭਾ ਗੰਦਾ ਕਰ ਦਊਂ

ਕੱਲਾ ਕੱਲਾ ਦਿਨ ਕੱਟ ਕੇ, ਮੈਂ ਜਾਣਾਂ ਕਿਵੇਂ ਸਾਲ ਲੰਘਾਇਆ।
ਵੇ ਖੂਹ ਟੋਭਾ ਗੰਦਾ ਕਰ ਦਊਂ, ਜੇ ਤੂੰ ਐਤਕੀਂ ਵੀ ਕਹੇ ਤੇ ਨਾ ਆਇਆ।

ਤੇਰੀ ਚੰਨਾ ਮਾਂ ਚੰਦਰੀ, ਨਿੱਤ ਛੱਜ ਵਿਚ ਪਾ ਕੇ ਮੈਨੂੰ ਛੱਟਦੀ।
ਗੱਲੇ ਗੱਲੇ ਰਹਿੰਦੀ ਟੋਕਦੀ, ਮੈਨੂੰ ਸੂਲੀ ਉਤੇ ਸਦਾ ਟੰਗ ਰੱਖਦੀ।
ਆਪਣੇ ਉਹ ਦਿਨ ਭੱਲ ਗਈ, ਜਦੋਂ ਲਾਲਾ ਲਾਲਾ ਸਾਰੇ ਸੀ ਕਰਾਇਆ।
ਵੇ ਖੂਹ ਟੋਭਾ.......................................................................।

ਸੋਚਾਂ ਵਿਚ ਰਾਤ ਲੰਘਦੀ, ਖਾਵੇ ਦਿਨ ਵਿਚ ਸੁੰਨਾ ਸੁੰਨਾ ਵਿਹੜਾ।
ਕਹਿੰਦੇ ਹੁੰਦੇ ਕੋਈ ਆਵੇਗਾ, ਜਦੋਂ ਹੱਥਾਂ ’ਚੋਂ ਬੁੜਕਦਾ ਪੇੜਾ।
ਝੂਠ ਹੋਈਆਂ ਗੱਲਾਂ ਸਾਰੀਆਂ, ਐਵੇਂ ਲੋਕਾਂ ਨੇ ਕਹਾਣ ਇਹ ਬਣਾਇਆ।
ਵੇ ਖੂਹ ਟੋਭਾ.......................................................................।

ਕੱਲੀ ਬੈਠੀ ਰਹਾਂ ਝੂਰਦੀ, ਕਾਹਨੂੰ ਬਾਬਲੇ ਸਹੇੜ ਸੀ ਸਹੇੜੀ।
ਤੂੰ ਹੀ ਦੱਸ ਕੀ ਕਰੇ ਉਹ, ਜਿਹਨੇ ਅੱਖ ਨਾ ਸੁੱਖਾਂ ’ਚ ਕਦੇ ਭੇੜੀ।
ਤੇਰੀ ‘ਸੈਣੀ’ ਅਜ ਕਲ ਨੇ, ਭਲੀ ਚੰਗੀ ਨੂੰ ਹੈ ਮਾਰ ਮੁਕਾਇਆ।
ਵੇ ਖੂਹ ਟੋਭਾ.......................................................................।

•♣•

## ਵਾਹ ਵਾਹ ਦੇਸ਼ ਪੰਜਾਬ ਅਸਾਡਾ

ਵਾਹ ਵਾਹ ਦੇਸ਼ ਪੰਜਾਬ ਅਸਾਡਾ, ਵਾਹ ਵਾਹ ਹਿੰਦੋਸਤਾਨ।
ਇਹਨਾਂ ਦੇ ਹਰ ਜ਼ੱਰੇ ਉਤੇ, ਜਾਂਦੇ ਹਾਂ ਕੁਰਬਾਨ।

ਖਲਿਹਾਨਾਂ ਵਿਚ ਮੋਤੀ ਬਿਖਰੇ, ਖੇਤਾਂ ਦੇ ਵਿਚ ਸੋਨਾ।
ਕਦੇ ਤਾਂ ਕਣਕ ਤੇ ਛੋਲੇ ਝੂਮਣ, ਕਦੇ ਤਾਂ ਮੱਕੀ ਝੋਨਾ।
ਭੁੱਖ ਨਾਲੋਂ ਡੁੱਬ ਮਰਨਾ ਚੰਗਾ, ਕਹਿੰਦੇ ਨੇ ਕਿਰਸਾਨ।
ਵਾਹ ਵਾਹ ਦੇਸ਼.............................................।

ਭੰਗੜੇ ਪਾਂਦੇ ਗੱਭਰੂ ਇੱਥੇ ਤੇ ਗਿੱਧਾ ਮੁਟਿਆਰਾਂ।
ਟੱਪੇ ਢੋਲੇ, ਲੋਕ-ਬੋਲੀਆਂ, ਨਾਲ ਗਾਂਵਦੇ ਵਾਰਾਂ।
ਮਸਤੀ ਦੇ ਵਿਚ ਨੱਚ ਪਾ ਦਿੰਦੇ, ਮੌਸਮ ਦੇ ਵਿਚ ਜਾਨ।
ਵਾਹ ਵਾਹ ਦੇਸ਼.............................................।

ਭਾਵੇਂ ਸਿੱਖ ਹੈ, ਭਾਵੇਂ ਹਿੰਦੂ, ਬੰਗਾਲੀ, ਮਦਰਾਸੀ।
ਬਾਦ 'ਚ ਭਾਵੇਂ ਕੁਝ ਵੀ ਹੋਵੇ, ਪਹਿਲਾਂ ਭਾਰਤਵਾਸੀ।
ਲੋੜ ਪੈਣ ਤੇ ਏਕਾ ਤੱਕ ਕੇ, ਸਿਫ਼ਤਾਂ ਕਰੇ ਜਹਾਨ।
ਵਾਹ ਵਾਹ ਦੇਸ਼.............................................।

ਕਰਨੀ ਕਿਰਤ, ਵੰਡ ਕੇ ਖਾਣਾ, ਸਭਨਾਂ ਨੂੰ ਵਰਦਾਨ।
ਕਦੇ ਕਿਸੇ ਦਾ ਹੱਕ ਨਾ ਖੋਹਵੇ, ਸਾਡਾ ਕਹੇ ਵਿਧਾਨ।
ਏਹੋ ਕੁਝ ਹੀ ਦਸਦੇ ਸਾਨੂੰ, ਗੀਤਾ ਗਰੰਥ ਕੁਰਾਨ।
ਵਾਹ ਵਾਹ ਦੇਸ਼.............................................।

ਸ਼ਾਲਾ! 'ਸੈਣੀ' ਦੇਸ਼ ਮੇਰੇ ਵਿਚ ਖਿੜੀਆਂ ਰਹਿਣ ਬਹਾਰਾਂ।
ਇਹਨਾਂ ਬਦਲੇ ਸਵਰਗ ਮਿਲੇ ਤਾਂ, ਠੁੱਡ ਸਵਰਗੀ ਮਾਰਾਂ।
ਇਹ ਸਾਡੇ ਤੇ ਅਸੀਂ ਇਹਨਾਂ ਦੇ, ਸਭ ਦਾ ਇਹ ਫ਼ੁਰਮਾਨ।
ਵਾਹ ਵਾਹ ਦੇਸ਼.............................................।

•♣•

## ਲੱਗੀ ਨਜ਼ਰ ਪੰਜਾਬ ਨੂੰ

*10.11.1988 ਨੂੰ ਨੰਗਲ ਵਿਚ ਅਤੇ ਬਾਅਦ ਵਿਚ ਇਲਾਹਾਬਾਦ, ਕਟਕ ਆਦਿ ਸ਼ਹਿਰਾਂ ਵਿਚ ਫੁਲਵੰਤ ਸਿੰਘ ਮਨੋਚਾ ਰਾਹੀਂ ਪੰਜਾਬੀ ਰੰਗਮੰਚ, ਨੰਗਲ ਵੱਲੋਂ ਖੇਡੇ ਗਏ ਨਾਟਕ 'ਲੱਗੀ ਨਜ਼ਰ ਪੰਜਾਬ ਨੂੰ' ਦਾ ਟਾਈਟਲ ਗੀਤ*

ਮੁੱਕ ਗਿਆ ਨਹੁੰ ਮਾਸ ਦਾ ਰਿਸ਼ਤਾ, ਬੁਧ ਭਿੱਟ ਗਈ ਇਨਸਾਨਾਂ ਦੀ।
ਜਿਸ ਨੂੰ ਵੇਖੋ ਗੱਲ ਕਰਦਾ ਹੈ, ਤਿਰਸ਼ੂਲਾਂ, ਕਿਰਪਾਨਾਂ ਦੀ।

ਹਰ ਘਰ ਅੰਦਰ ਬਣੀਆਂ ਕਬਰਾਂ, ਹਰ ਦਿਲ ਦੇ ਵਿਚ ਮੜ੍ਹੀਆਂ ਨੇ।
ਜਿਹੜੀਆਂ ਕੌਮਾਂ ਘਿਓ ਖਿਚੜੀ ਸਨ, ਹੁਣ ਸਾਹਵੇਂ ਆ ਖੜ੍ਹੀਆਂ ਨੇ।
ਵਸਦੇ ਰਸਦੇ ਵਿਹੜੇ ਬਣ ਗਏ, ਮਿੱਟੀ ਕਬਰਸਤਾਨਾਂ ਦੀ।
ਜਿਸ ਨੂੰ ਵੇਖੋ......................................................।

ਉਹ ਸਿੱਖ ਹੈ ਤੇ ਉਹ ਹੈ ਹਿੰਦੂ, ਮੁਸਲਿਮ ਉਹ ਈਸਾਈ ਹੈ।
ਸਭਨਾਂ ਦੇ ਰੱਬ ਵਖਰੇ ਹੋ ਗਏ, ਹੋਈ ਵੱਖ ਲੋਕਾਈ ਹੈ।
ਹਰ ਇਕ ਨਗਰੀ ਚੋਪਟ ਨਗਰੀ, ਚੌਧਰ ਹੈ ਸ਼ੈਤਾਨਾਂ ਦੀ।
ਜਿਸ ਨੂੰ ਵੇਖੋ......................................................।

ਕੌਣ ਕਿਸੇ ਨੂੰ ਸਮਝਾਵੇ, ਕੀ ਚੰਗਾ ਹੈ, ਕੀ ਮਾੜਾ ਹੈ?
ਜਿੱਧਰ ਨਜ਼ਰ ਘੁਮਾਓ ਓਧਰ, ਕੇਵਲ ਕੀਨਾ ਸਾੜਾ ਹੈ।
ਕੌਡੀ ਵੀ ਨਾ ਕੀਮਤ ਸਮਝਣ, ਹੀਰੇ ਵਰਗੀਆਂ ਜਾਨਾਂ ਦੀ।
ਜਿਸ ਨੂੰ ਵੇਖੋ......................................................।

ਮੇਰੇ ਵਤਨ ਦੇ ਲੋਕੋ, ਸੋਚੋ, ਸਮਝੋ ਤੇ ਸਮਝਾਓ ਇਹ।
ਇਕ ਦੂਜੇ ਨੂੰ ਗਲਵਕੜੀ ਵਿਚ ਲੈ ਕੇ ਕਸਮਾਂ ਖਾਓ ਇਹ।
ਐ 'ਸੈਣੀ' ਕੋਈ ਜਿੰਦ ਬਣੇ ਨਾ, ਹੁਣ ਮਿੱਟੀ ਸ਼ਮਸ਼ਾਨਾਂ ਦੀ।
ਜਿਸ ਨੂੰ ਵੇਖੋ......................................................।

•♣•

*ਨੰਗਲ ਦੇ ਜੰਮਪਲ-ਕਾਰਗਿਲ ਦੇ ਸ਼ਹੀਦ ਕੈਪਟਨ ਅਮੋਲ ਕਾਲੀਆ ਜੀ ਦੀ ਸ਼ਹੀਦੀ ਉਤੇ ਫੁਲਵੰਤ ਸਿੰਘ ਮਨੋਚਾ ਰਾਹੀਂ ਪੰਜਾਬੀ ਰੰਗ ਮੰਚ, ਨੰਗਲ ਵਲੋਂ ਜੁਲਾਈ, 1999 ਵਿਚ ਕੀਤੇ ਸਰਧਾਂਜਲੀ ਸਮਾਰੋਹ ਸਮੇਂ ਕੋਰੀਓਗਰਾਫੀ ਦੇ ਤਿੰਨ ਗੀਤ*

## (ਇੱਕ)

## ਨਾ ਜਾਵੀਂ ਢੋਲਾ

ਨਾ ਜਾਵੀਂ, ਨਾ ਜਾਵੀਂ ਢੋਲਾ, ਨਾ ਜਾਵੀਂ, ਨਾ ਜਾਵੀਂ ਵੇ।
ਮੈਂ ਹਾਂ ਪ੍ਰੀਤ-ਭਿਖਾਰਨ ਤੇਰੀ, ਮੈਨੂੰ ਨਾ ਤੜਪਾਵੀਂ ਵੇ।

ਸਜਰੇ ਸਜਰੇ ਚਾਅ ਨੇ ਮੇਰੇ, ਅੱਲੜ੍ਹ ਜਿਹੀ ਜਵਾਨੀ ਵੇ।
ਤੇਰੇ ਬਿਨ ਮਿੱਟੀ ਵਿਚ ਰੁਲ ਜਊ, ਸੋਹਲ ਜਿਹੀ ਜਿੰਦਗਾਨੀ ਵੇ।
ਫੁੱਲਾਂ ਤੋਂ ਵੀ ਕੋਮਲ ਦਿਲ ਤੇ, ਐਡਾ ਕਹਿਰ ਨਾ ਢਾਵੀਂ ਵੇ।
ਨਾ ਜਾਵੀਂ, ਨਾ ਜਾਵੀਂ ਢੋਲਾ...................................।

ਮਹਿੰਦੀ, ਟਿੱਕਾ, ਹਉਕੇ ਭਰਦੇ, ਸਿਸਕਣ ਮੇਰੇ ਹਾਸੇ ਵੇ।
ਮਾਰੂਥਲ ਜਿਹੇ ਨੈਣ ਮੇਰੇ ਇਹ, ਦੀਦ ਤੇਰੀ ਦੇ ਪਿਆਸੇ ਵੇ।
ਸ਼ਗਨਾਂ ਵਾਲੇ ਪੱਲੂ ਵਿਚ ਨਾ, ਹੰਝੂ ਹਉਕੇ ਪਾਵੀਂ ਵੇ।
ਨਾ ਜਾਵੀਂ, ਨਾ ਜਾਵੀਂ ਢੋਲਾ...................................।

ਮੇਰੀ ਤਾਂ ਮਹਿੰਦੀ ਦਾ ਰੰਗ ਵੀ, ਫਿੱਕਾ ਪਿਆ ਨਾ ਮਾਸਾ ਵੇ।
ਖਾਲਮ-ਖਾਲੀ ਸਜਣਾ ਮੇਰੀਆਂ, ਰੀਝਾਂ ਵਾਲਾ ਕਾਸਾ ਵੇ।
ਕਹੀਆਂ ਹੋਈਆਂ ਗੱਲਾਂ ਵਿੱਚੋਂ, ਕੋਈ ਤਾਂ ਗੱਲ ਪੁਗਾਵੀਂ ਵੇ।
ਨਾ ਜਾਵੀਂ, ਨਾ ਜਾਵੀਂ ਢੋਲਾ...................................।

ਉਥੇ ਕਿਹੜਾ ਫ਼ਰਕ ਹੈ 'ਸੈਣੀ', ਉਥੇ ਕਟਕ ਬਥੇਰਾ ਵੇ।
ਕੁਝ ਦਿਨ ਹੋਰ ਜੇ ਰਹਿ ਜਾਵੇਂਗਾ, ਕੀ ਘਟ ਜਾਣਾ ਤੇਰਾ ਵੇ?
ਇਸ ਚੰਦਰੀ ਨੂੰ ਹਾੜਾ ਚੰਨਿਆ! ਵਖਤਾਂ ਵਿਚ ਨਾ ਪਾਵੀਂ ਵੇ।
ਨਾ ਜਾਵੀਂ, ਨਾ ਜਾਵੀਂ ਢੋਲਾ...................................।

•♣•

## (ਦੋ)

### ਜਾਹ ਵੇ ਮਾਹੀਆ

ਜਾਹ ਵੇ ਮਾਹੀਆ, ਢੋਲ ਸਿਪਾਹੀਆ, ਰੱਬ ਰਾਖਾ ਵੇ ਤੇਰਾ।
ਮੈਂ ਹਾਂ ਦੇਸ਼ ਪੰਜਾਬ ਦੀ ਨੱਢੀ, ਕਰ ਲਊਂਗੀ ਮੈਂ ਜੇਰਾ।

ਬੋਲਿਆ ਚਾਲਿਆ ਮਾਫ਼ ਕਰੀ, ਜੋ ਸੁਣਿਆ ਉਹ ਭੁਲਾ ਦਈ।
ਸਰਹੱਦੀ ਜੋ ਅਲਖ ਜਗਾਵੇ, ਉਸ ਦੀ ਅਲਖ ਮਿਟਾ ਦਈ।
ਸਾਂਭ ਲਊ ਘਰ-ਬਾਰ ਮੈਂ ਆਪੇ, ਫ਼ਿਕਰ ਕਰੀਂ ਨਾ ਮੇਰਾ।
ਜਾਹ ਵੇ ਮਾਹੀਆ.........................................।

ਦੁਸ਼ਮਣ ਬੜਾ ਹੈ ਝੂਠਾ ਇਸ ਨਾਲ ਕੋਈ ਇਕਰਾਰ ਕਰੀ ਨਾ।
ਧੋਖੇਬਾਜ਼, ਮੱਕਾਰ ਦਾ ਬੀਬਾ, ਤੂੰ ਇਤਬਾਰ ਕਰੀ ਨਾ।
ਬਚ ਕੇ ਨਿਕਲ ਸਕੇ ਨਾ ਇਸ ਨੂੰ, ਐਸਾ ਪਾਈਂ ਘੇਰਾ।
ਜਾਹ ਵੇ ਮਾਹੀਆ.........................................।

ਸਾਡਾ ਕੌਮੀ ਫ਼ਰਜ਼ ਹੈ 'ਸੈਣੀ' ਕਰਨੀ ਦੇਸ਼ ਦੀ ਰਾਖੀ।
ਜੇਕਰ ਦੇਸ਼ ਆਜ਼ਾਦ ਹੈ, ਤਾਂ ਹੈ, ਦੀਵਾਲੀ-ਬੈਸਾਖੀ।
ਸਭ ਤੋਂ ਉੱਚਾ ਝੂਲੇ ਸਾਡਾ, ਸ਼ਾਨ ਦੇ ਨਾਲ ਫੁਰੇਰਾ।
ਜਾਹ ਵੇ ਮਾਹੀਆ.........................................।

•♣•

## (ਤਿੰਨ)

### ਗਾਥਾ ਤੇਰੀ ਕੁਰਬਾਨੀ ਦੀ

ਗਾਥਾ ਤੇਰੀ ਕੁਰਬਾਨੀ ਦੀ, ਸੱਥਾਂ ਵਿਚ ਗਾਈ ਜਾਏਗੀ।
ਇਕ ਵਾਰ ਨਹੀਂ, ਇਹ ਵਾਰ ਵਾਰ, ਹਰ ਥਾਂ ਦੁਹਰਾਈ ਜਾਏਗੀ।

ਤੂੰ ਸ਼ੇਰ-ਮਰਦ ਸੈਂ ਯੁੱਧਾਂ ਦਾ, ਤੇਰਾ ਜੇਰਾ ਪਰਬਤ ਵਰਗਾ ਸੀ।
ਹੈ ਧਰਮ ਦੇਸ਼ ਲਈ ਮਰ ਮਿਟਣਾ, ਤੂੰ ਅਕਸਰ ਕਹਿੰਦਾ ਹੁੰਦਾ ਸੀ।
ਜੋ ਸਾਡੇ ਕੰਨੀਂ ਗੂੰਜ ਰਹੀ, ਆਵਾਜ਼ ਸੁਣਾਈ ਜਾਏਗੀ।
ਗਾਥਾ ਤੇਰੀ.................................................।

ਤੂੰ ਸਾਡੇ ਦਿਲ ਦੀ ਆਂਦਰ ਸੀ, ਤੂੰ ਸਾਡੇ ਜਿਗਰ ਦਾ ਟੁਕੜਾ ਸੀ।
ਸਾਨੂੰ ਕਦ ਚੇਤਾ ਸੀ ਇਸ ਦਾ ਜੋ ਤੂੰ ਇਤਿਹਾਸ ਸਿਰਜਣਾ ਸੀ।
ਓਸੇ ਇਤਿਹਾਸ ਦੀ ਸਭਨਾਂ ਨੂੰ, ਤਸਵੀਰ ਵਿਖਾਈ ਜਾਏਗੀ।
ਗਾਥਾ ਤੇਰੀ.................................................।

ਜਿਸ ਘਰ ਦਾ 'ਸੈਣੀ' ਜਾਇਆ ਤੂੰ, ਮੈਂ ਉਸਦੇ ਸਦਕੇ ਜਾਂਦਾ ਹਾਂ।
ਜਿਸ ਮਾਂ ਨੇ ਤੈਨੂੰ ਜੰਮਿਆ ਹੈ, ਮੈਂ ਉਸ ਨੂੰ ਸੀਸ ਨਿਵਾਂਦਾ ਹਾਂ।
ਸਦੀਆ ਤਕ ਤੇਰੀ ਸ਼ਹੀਦੀ ਨਾ, ਦੁਨੀਆਂ ਤੋਂ ਭੁਲਾਈ ਜਾਏਗੀ।
ਗਾਥਾ ਤੇਰੀ.................................................।

•♣•

## ਅੱਥਰੂ ਨਾ ਕੇਰ ਸੈਣੀਆਂ

*ਸਮਰਪਿਤ ਮਰਹੂਮ ਦੋਸਤ ਅਸ਼ੋਕ ਨਈਅਰ ਅਤੇ ਪ੍ਰੋ. ਕੇ.ਕੇ.ਵਰਮਾ ਨੂੰ*

ਤੇਰੇ ਸਜਨਾਂ ਨੇ ਆਣਾ ਨਹੀਂ ਦੁਬਾਰਾ ਤੂੰ ਅੱਥਰੂ ਨਾ ਕੇਰ ਸੈਣੀਆਂ।
ਕੋਈ ਮੌਤ ਅੱਗੇ ਚਲਦਾ ਨਾ ਚਾਰਾ ਤੂੰ ਅੱਥਰੂ ਨਾ ਕੇਰ ਸੈਣੀਆਂ।

ਗੋਦੜੀ ਦੇ ਲਾਲ ਸੀ ਉਹ, ਦਿਲਾਂ ਦੇ ਪਿਆਰੇ ਸੀ।
ਕੱਲੇ ਕੱਲੇ ਸ਼ਹਿਰੀ ਦੀਆਂ ਅੱਖਾਂ ਦੇ ਤਾਰੇ ਸੀ।
ਬੇ-ਸਹਾਰਿਆਂ ਦੇ ਉਹ ਸੀ ਸਹਾਰਾ, ਤੂੰ ਅੱਥਰੂ ਨਾ ਕੇਰ ਸੈਣੀਆਂ।
ਤੇਰੇ ਸਜਨਾਂ ਨੇ ਆਣਾ..................................................।

ਛੋਟੀ ਉਮਰੇ ਕੀਤੇ ਜਿਹੜੇ ਕੰਮ ਉਹ ਮਹਾਨ ਸੀ।
ਸੱਚੀਂ ਮੁੱਚੀਂ ਉਹ ਤਾਂ ਰੱਬ ਜਿਹੇ ਇਨਸਾਨ ਸੀ।
ਉਹ ਸੀ ਸਭਨਾ ਲਈ ਚਾਨਣ ਮੁਨਾਰਾ ਤੂੰ ਅੱਥਰੂ ਨਾ ਕੇਰ ਸੈਣੀਆਂ।
ਤੇਰੇ ਸਜਨਾਂ ਨੇ ਆਣਾ..................................................।

ਝੱਲਾ ਨਾ ਇਉਂ ਬਣ 'ਸੈਣੀ', ਜਿੰਦੜੀ ਨਾ ਗਾਲ ਤੂੰ।
ਉਹਨਾਂ ਦੀ ਜਗਾਈ ਹੋਈ ਜੋਤ ਨੂੰ ਸੰਭਾਲ ਤੂੰ।
ਰਿਣੀ ਰਹੇਗਾ ਤੇਰਾ ਇਹ ਜੱਗ ਸਾਰਾ, ਤੂੰ ਅੱਥਰੂ ਨਾ ਕੇਰ ਸੈਣੀਆਂ।
ਤੇਰੇ ਸਜਨਾਂ ਨੇ ਆਣਾ ਨਹੀਂ ਦੁਬਾਰਾ, ਤੂੰ ਅੱਥਰੂ ਨਾ ਕੇਰ ਸੈਣੀਆਂ।

•♣•

## ਐਡਾ ਵੀ ਗੁਮਾਨ ਕੀ

ਅੱਜ ਵੀ ਨਾ ਆਇਉਂ ਚੰਨਾ, ਐਡਾ ਵੀ ਗੁਮਾਨ ਕੀ?
ਤੇਰੇ ਬਿਨਾ ਜ਼ਿੰਦਗੀ ਦਾ ਸਾਨੂੰ ਅਰਮਾਨ ਕੀ?
ਅਜ ਵੀ ਨਾ ਆਇਉਂ ਚੰਨਾ....................?

ਤੂੰ ਕੀ ਜਾਣੇਂ, ਕਿਵੇਂ ਤੇਰੀ ਰਹਿੰਦੀ ਏ ਉਡੀਕ ਵੇ?
ਅੱਖੀਆਂ 'ਚ ਲੰਘਦੀ ਏ ਰਾਤ, ਸੁਬਾਹ ਤੀਕ ਵੇ।
ਸੂਲੀ ਉਤੇ ਟੰਗੀ ਰਹੇ, ਜਿੰਦ ਕੀ ਤੇ ਜਾਨ ਕੀ?
ਅਜ ਵੀ ਨਾ ਆਇਉਂ ਚੰਨਾ....................?

ਤੇਰੇ ਬਿਨਾ ਵਢ ਖਾਣ ਖ਼ੁਸ਼ੀਆਂ ਤੇ ਚਾਅ ਵੇ।
ਲਗਦਾ ਏ ਜਿਵੇਂ ਮੈਨੂੰ, ਹੋ ਗਿਆ ਸ਼ੁਦਾਅ ਵੇ।
ਤੇਰੇ ਬਿਨਾ ਚੰਦਰਾ ਇਹ ਕਰਨਾ ਜਹਾਨ ਕੀ?
ਅਜ ਵੀ ਨਾ ਆਇਉਂ ਚੰਨਾ....................?

ਯਾਦ ਜਦੋਂ ਆਵੇ, ਤੇਰੀ ਕੱਲੀ ਕੱਲੀ ਗੱਲ ਵੇ।
ਪੈਂਦੀਆਂ ਨੇ ਦੰਦਲਾਂ, ਕਲੇਜੇ ਉਠੇ ਸੱਲ ਵੇ।
ਸਾਥ ਨਹੀਂ ਦਿੰਦੀ ਉਦੋਂ, ਸੋਚ ਕੀ, ਜ਼ੁਬਾਨ ਕੀ?
ਅਜ ਵੀ ਨਾ ਆਇਉਂ ਚੰਨਾ....................?

ਆ ਜਾ 'ਸੈਣੀ' ਸਾਂਭ ਲੈ ਇਹ ਅੱਥਰੀ ਜਵਾਨੀ ਵੇ।
ਬਣ ਨਾ ਜਾਵੇ ਫਾਂਸੀ ਕਿਤੇ ਗਲ਼ ਗਾਨੀ ਵੇ।
ਕਰਦੇ ਨੇ ਗੱਲਾਂ ਸਾਰੇ, ਬੁੱਢਾ ਕੀ ਜਵਾਨ ਵੇ?
ਅਜ ਵੀ ਨਾ ਆਇਉਂ ਚੰਨਾ....................?

•♣•

## ਹੋਲੀਆਂ, ਦੀਵਾਲੀਆਂ

ਕਿਵੇਂ ਮੈਂ ਮਨਾਵਾਂ ਚੰਨਾ, ਹੋਲੀਆਂ, ਦੀਵਾਲੀਆਂ?
ਤੇਰੀ ਵੇ ਜੁਦਾਈ ਮੇਰੀਆਂ ਹੱਡੀਆਂ ਵੀ ਬਾਲੀਆਂ।

ਛੱਡ ਕੇ ਤੂੰ ਕੱਲੀ, ਦੱਸ ਕਿਹੜਾ ਵੈਰ ਕੱਢਿਆ?
ਚੰਨਿਆ ਤੂੰ ਮੈਨੂੰ ਜਿਉਂਦੇ ਜੀ ਹੀ ਮਾਰ ਛੱਡਿਆ।
ਅੱਖੀਆਂ ਦੇ ਪਾਣੀਆਂ ਨੇ, ਪਲਕਾਂ ਵੀ ਗਾਲੀਆਂ।
ਕਿਵੇਂ ਮੈਂ ਮਨਾਵਾਂ ਚੰਨਾ.............................।

ਤਿਤਲੀ ਦੇ ਵਾਂਗ ਜਾਏ, ਉਡ ਉਡ ਮਨ ਵੇ।
ਦਿਲ ਦਾ ਇਹ ਖ਼ੂਨ ਪੀਣ, ਖਾਈ ਜਾਣ ਤਨ ਵੇ।
ਸੀਨੇ ਵਿਚ ਜੋਕਾਂ, ਤੇਰੇ ਹਿਜਰ ਦੀ ਜੋ ਪਾਲੀਆਂ।
ਕਿਵੇਂ ਮੈਂ ਮਨਾਵਾਂ ਚੰਨਾ.............................।

ਮਰਿਆ ਨਹੀਂ ਜਾਂਦਾ, ਉਂਜ ਕਾਹਦਾ ਭਲਾ ਜੀ ਏ।
ਤੇਰੇ ਬਿਨਾਂ ਜ਼ਿੰਦਗੀ ਨੂੰ ਕਰਨਾ ਵੀ ਕੀ ਏ?
ਤੇਰੀਆਂ ਵੇ ਯਾਦਾਂ ਸਾਥੋਂ ਟਲਦੀਆਂ ਨਾ ਟਾਲੀਆਂ।
ਕਿਵੇਂ ਮੈਂ ਮਨਾਵਾਂ ਚੰਨਾ.............................।

ਬੜਾ ਭੈੜਾ ਰੋਗ 'ਸੈਣੀ' ਹੁੰਦਾ ਏ ਜ਼ੁਦਾਈ ਦਾ।
ਸਜਨਾ ਨੂੰ ਇਵੇਂ ਇਮਤਿਹਾਨਾਂ 'ਚ ਨਹੀਂ ਪਾਈਦਾ।
ਸਾਂਭ ਲੈ ਤੂੰ ਆ ਕੇ, ਜੋ ਮੈਂ ਸੋਚਾਂ ਨੇ ਸੰਭਾਲੀਆਂ।
ਕਿਵੇਂ ਮੈਂ ਮਨਾਵਾਂ ਚੰਨਾ ਹੋਲੀਆਂ, ਦੀਵਾਲੀਆਂ?
ਤੇਰੀ ਵੇ ਜੁਦਾਈ ਮੇਰੀਆਂ ਹੱਡੀਆਂ ਵੀ ਬਾਲੀਆਂ।

•♣•

## ਖੌਰੇ ਕਿੱਥੇ ਤੁਰ ਗਈਆਂ

ਤੇਰੇ ਬਿਨਾ ਹਾਣੀਆਂ ਵੇ ਘੇਰਿਆ ਉਦਾਸੀਆਂ।
ਖੌਰੇ ਕਿੱਥੇ ਤੁਰ ਗਈਆਂ, ਸਾਡੇ ਕੋਲੋਂ ਹਾਸੀਆਂ।

ਤੈਨੂੰ ਕੀ ਮੈਂ ਦੱਸਾਂ, ਕਿਵੇਂ ਦਿਨ ਮੈਂ ਬਿਤਾਵਾਂ ਵੇ ?
ਸਾਰੀ ਸਾਰੀ ਰਾਤ ਕਿਵੇਂ ਅੱਖਾਂ 'ਚ ਲੰਘਾਵਾਂ ਵੇ ?
ਤੇਰੇ ਦੀਦ ਦੀਆਂ ਇਹ ਅੱਖੀਆਂ ਪਿਆਸੀਆਂ।
ਤੇਰੇ ਬਿਨਾਂ ਹਾਣੀਆਂ..........................।

ਦੱਸ ਕੇ ਤਾਂ ਜਾਂਦਾ ਜੇ ਨਾ ਮੁੜ ਕੇ ਤੂੰ ਆਣਾ ਸੀ।
ਇਸ ਚੰਦਰੀ ਨੂੰ ਕੁਝ ਆਖਣਾ, ਸੁਣਾਣਾ ਸੀ।
ਦਿਲਾਂ ਵਿਚ ਰਹੀਆਂ ਸਭ ਗੱਲਾਂ ਜੋ ਕਿਆਸੀਆਂ।
ਤੇਰੇ ਬਿਨਾਂ ਹਾਣੀਆਂ..........................।

ਯਾਦ ਜਦੋਂ ਆਵੇ ਪੈਂਦੇ ਕਾਲਜੇ 'ਚ ਹੌਲ ਵੇ।
ਕਿੱਥੇ ਗਏ ਕੱਠੇ ਜੀਣੇ ਮਰਨੇ ਦੇ ਕੌਲ ਵੇ ?
ਕੱਟੀਆਂ ਨਾ ਜਾਣ 'ਸੈਣੀ' ਕੱਲਿਆਂ ਚੌਰਾਸੀਆਂ।
ਤੇਰੇ ਬਿਨਾ ਹਾਣੀਆਂ ਵੇ ਘੇਰਿਆ ਉਦਾਸੀਆਂ।
ਖੌਰੇ ਕਿੱਥੇ ਤੁਰ ਗਈਆਂ, ਸਾਡੇ ਕੋਲੋਂ ਹਾਸੀਆਂ।

•♣•

## ਕਹੀ ਸੁਣੀ ਮਾਫ਼ ਕਰ ਦਈਂ

ਵਿਆਹ ਤੋਂ ਪਹਿਲਾਂ ਜੋ ਵੀ ਬੀਤਿਆ, ਉਹਨੂੰ ਭੁੱਲ ਜੀਂ ਜਿਗਰੀਆ ਯਾਰਾ।
ਕਹੀ ਸੁਣੀ ਮਾਫ਼ ਕਰ ਦਈਂ, ਨਿੱਕੀ ਹੁੰਦੀ ਦੇ ਮੁਲਾਜੇਦਾਰਾ।

ਮਾਪਿਆਂ ਨੇ ਵੈਰ ਲੈ ਲਿਆ, ਮੈਨੂੰ ਪੈਸਿਆਂ ਦੇ ਨਾਲ ਪਰਣਾ ਕੇ।
ਜਣਾ ਖਣਾ ਵੈਰੀ ਬਣਿਆ, ਕੋਈ ਦੇਵੇ ਨਾ ਦਿਲਾਸਾ ਆ ਕੇ।
ਸਿਆਣਿਆਂ ਨੇ ਸੱਚ ਆਖਿਆ, ਕੋਈ ਦੁੱਖਾਂ ਵਿਚ ਬਣੇ ਨਾ ਸਹਾਰਾ।
ਕਹੀ ਸੁਣੀ ਮਾਫ਼......................................................।

ਹਾਸੇ ਖੇੜੇ ਸਭ ਖੁੱਸ ਗਏ, ਪੱਲੇ ਰਹਿ ਗਈ ਸਿਰਫ਼ ਮਜਬੂਰੀ।
ਕਰਮਾਂ ਦਾ ਗੇੜ ਬੁਰਾ, ਨਾ ਚਾਹੁੰਦੇ ਵੀ ਏ ਪੈ ਜਾਂਦੀ ਦੂਰੀ।
ਜ਼ਿੰਦਗੀ ਦੀ ਗੱਲ ਦੂਰ ਦੀ, ਹੋਇਆ ਪਲ ਪਲ ਕੱਟਣਾ ਭਾਰਾ।
ਕਹੀ ਸੁਣੀ ਮਾਫ਼......................................................।

ਪਾਗਲਾਂ ਦੇ ਵਾਂਗ ਚੰਨ ਵੇ, ਘੜੀ ਮੁੜੀ ਜਾ ਕੇ ਬੂਹੇ 'ਚ ਖਲੋਵਾਂ।
ਏਹੋ ਬੱਸ ਕੰਮ ਰਹਿ ਗਿਆ, ਦਿਨੇ ਝੂਰਾਂ ਤੇ ਰਾਤ ਨੂੰ ਰੋਵਾਂ।
ਦਿਲਾਂ ਵਾਲਾ ਰੋਗ ਬੁਰਾ, ਖ਼ੂਨ ਅੱਖਾਂ ਥੀਂ ਨੁਚੜਦਾ ਸਾਰਾ।
ਕਹੀ ਸੁਣੀ ਮਾਫ਼......................................................।

ਇਥੇ ਸੌਦੇ ਚਮੜੀ ਦੇ, ਕੋਈ ਦਿਲ ਦੀ ਕਦਰ ਨਾ ਜਾਣੇ।
ਚੂੰਢ ਚੂੰਢ ਮਾਸ ਖਾਂਵਦੇ, ਇੱਥੇ ਵੱਸਦੇ ਜ਼ਾਲਮ ਜਰਵਾਣੇ।
ਡਾਢਿਆਂ ਦੇ ਵੱਸ ਪੈ ਗਈ, 'ਸੈਣੀ' ਚਲਦਾ ਨਹੀਂ ਕੋਈ ਚਾਰਾ।
ਕਹੀ ਸੁਣੀ ਮਾਫ਼......................................................।

•♣•

## ਕਰਮਾਂ ਦੀ ਮਾਰੀ

ਕਿਸੇ ਨੂੰ ਕੀ ਦੋਸ਼ ਮੈਂ ਦਵਾਂ, ਮੈਂ ਤਾਂ ਖ਼ੁਦ ਕਰਮਾਂ ਦੀ ਮਾਰੀ।
ਵੇ ਕੱਲ੍ਹ ਮੈਂ ਵਿਆਹੀ ਆਈ ਹਾਂ, ਅਜ ਜਾਣ ਦੀ ਤੂੰ ਕਰ ਲਈ ਤਿਆਰੀ।

ਮਹਿੰਦੀ ਮੇਰੀ ਹੌਕੇ ਭਰਨੇ, ਕਾਲਾ ਹੋਣਾ ਮੇਰੇ ਦੰਦਾਂ ਦਾ ਦੰਦਾਸਾ।
ਵੇ ਕਿਵੇਂ ਦੱਸ ਪਾਊਂ ਕੱਜਰਾ, ਮੇਰੀਆਂ ਅੱਖੀਆਂ 'ਚ ਵੱਸਣਾ ਚੁਮਾਸਾ।
ਵੇ ਤੇਰੇ ਬਿਨ ਕੀ ਕਰਨੈ, ਮਹਿਲ ਮਾੜੀਆਂ ਤੇ ਸੜੀ ਸਰਦਾਰੀ?
ਵੇ ਕੱਲ੍ਹ ਮੈਂ.......................................................।

ਤੂੰ ਕਿਹੜਾ ਜਾਣਦਾ ਨਹੀਂ, ਤੈਨੂੰ ਦੱਸਾਂ ਕੀ ਬਰੂਹਾਂ ਵਿਚ ਖੜ ਕੇ।
ਕੱਲੀ ਤੀਵੀਂ ਹਾਣੀਆਂ, ਹਰ ਕਿਸੇ ਦੀਆਂ ਅੱਖਾਂ ਵਿਚ ਰੜਕੇ।
ਪੈਂਦਾ ਹੈ ਵੇ ਅੱਕ ਚੱਬਣਾ, ਗੱਲਾਂ ਕਰਦੀ ਏ ਖ਼ਲਕਤ ਸਾਰੀ।
ਵੇ ਕੱਲ੍ਹ ਮੈਂ.......................................................।

ਐਡੀ ਕਿਹੜੀ ਗੱਲ ਹਾਣੀਆਂ, ਹੋਰ ਬਾਊ ਉੱਥੇ ਹੋਣੇ ਨੇ ਬਥੇਰੇ।
ਪਹਾੜ ਤਾਂ ਨਹੀਂ ਡਿੱਗ ਚੱਲਿਆ, ਕੰਮ ਲੈਣਗੇ ਸਾਂਭ ਉਹ ਤੇਰੇ।
ਉਹੀਓ ਜਾਣੇ ਦੁੱਖ 'ਸੈਣੀਆ', ਜਿਹੜਾ ਕੱਟਦੈ ਉਮਰ ਇੰਜ ਸਾਰੀ।
ਵੇ ਕੱਲ੍ਹ ਮੈਂ.......................................................।

•♣•

## ਕੋਠੇ ਜਿੱਡੀ ਹੋਈ ਧੀ

ਵੇਖ ਵੇਖ ਕੋਠੇ ਜਿੱਡੀ ਹੋਈ ਧੀ ਆਪਣੀ ਨੂੰ, ਰੋਜ਼ ਰੋਜ਼ ਬਾਪੂ ਰਹੇ ਝੂਰਦਾ।
ਵਢ ਵਢ ਖਾਏ ਮੇਰੀ ਮਾਂ ਨੂੰ ਵੀ ਸਖੀਓ ਨੀ, ਫਿਕਰ ਮੇਰੀ ਮਾਂਗ ਦੇ ਸੰਧੂਰ ਦਾ।

ਬੜੀ ਵਾਰ ਸੁਣਿਆ ਮੈਂ ਬਾਪੂ ਬਰੜਾਂਦਾ ਹੋਇਆ,
ਬੜੀ ਵਾਰ ਨੀਦੋਂ ਉਹ ਹੈ ਜਾਗਿਆ।
ਜਦੋਂ ਤੋਂ ਸਲਾਹਾਂ ਮੇਰੇ ਵਿਆਹ ਦੀਆਂ ਕਰਦਾ ਉਹ
ਓਦੋਂ ਤੋਂ ਵਿਸਾਖ਼ ਛੇਵਾਂ ਆ ਗਿਆ।
ਹਾੜ੍ਹੀ ਸੌਣੀ ਕਰਦਿਆਂ ਦੀ ਲੰਘ ਜਾਏ ਹਾੜ੍ਹੀ ਸੌਣੀ, ਕੀ ਏ ਜੀਣਾ ਕਿਸੇ ਮਜਬੂਰ ਦਾ?
ਵੇਖ ਵੇਖ ਕੋਠੇ ਜਿੱਡੀ.........................................................................।

ਬਾਲੜੀ ਤਾਂ ਨਹੀਂ, ਮੈਂ ਵੀ ਜਾਣਦੀ ਹਾਂ, ਸੱਭੋ ਕੁਝ,
ਕਿੰਜ ਹੁੰਦਾ ਕਾਰ ਤੇ ਵਿਹਾਰ ਨੀ।
ਅਜ ਦੇ ਜ਼ਮਾਨੇ 'ਚ, ਮਲੂਕ ਜਿਹੀ ਧੀ ਦਾ ਲੱਗੇ,
ਮਾਪਿਆਂ ਨੂੰ ਗੱਡੇ ਜਿੰਨਾ ਭਾਰ ਨੀ।
ਬਿਨਾ ਪੈਸਿਆਂ ਤੋਂ ਸਭ ਵੱਟਦੇ ਨੇ ਪਾਸਾ, ਕੋਈ ਸਾਕ ਨਾ ਸਕੀਰ ਨੇੜੇ ਦੂਰ ਦਾ।
ਵੇਖ ਵੇਖ ਕੋਠੇ ਜਿੱਡੀ.........................................................................।

ਸਾਰੀ ਉਮਰ ਲੰਘ ਗਈ, ਬਾਪੂ ਦੀ ਕਮਾਉਂਦਿਆਂ ਦੀ,
ਹੋਇਆ ਨਾ ਜੁਗਾੜ ਹਾਲੀ ਦਾਜ ਦਾ।
ਭੂਆ ਦੇ ਵਿਆਹ ਦੇ ਲਈ, ਲਿਆ ਸੀ ਜੋ ਬਾਬੇ ਮੇਰੇ,
ਖੜ੍ਹਾ ਉਵੇਂ ਪੈਸਾ ਉਹ ਵਿਆਜ ਦਾ।
ਹਰ ਵਰ੍ਹੇ ਬਾਣੀਆਂ ਜਾਂ ਬੂਹਾ ਖੜਕਾਂਦਾ ਆ ਕੇ, ਭੋਰਾ ਵੀ ਨਾ ਬਚਦਾ ਗਰੂਰ ਦਾ।
ਵੇਖ ਵੇਖ ਕੋਠੇ ਜਿੱਡੀ.........................................................................।

ਸੱਚੀਮੁੱਚੀ ਲੋਹੜਾ ਈ ਏ, ਨਾਲੇ ਦੇਣੀ ਧੀ,
ਨਾਲੇ ਭਰਿਆ ਟਰੱਕ ਦੇਣਾ ਦਾਜ ਦਾ।
ਅੱਜ ਧੀਆਂ ਵਾਲਿਆਂ ਨੂੰ, ਧੀਆਂ ਦਾ ਪਿਆਰ ਆਖੇ,
ਫਾਹਾ ਵੱਢੋ ਦਾਜ ਦੇ ਰਿਵਾਜ ਦਾ।
ਇਹ ਕੀ ਦਸਤੂਰ 'ਸੈਣੀ' ਧੀ ਨੂੰ ਵਿਆਹ ਕੇ ਬਾਪੂ, ਸਾਰੀ ਹੀ ਹਯਾਤੀ ਰਹੇ ਝੂਰਦਾ।
ਵੇਖ ਵੇਖ ਕੋਠੇ ਜਿੱਡੀ.........................................................................।

•♣•

## ਤੋਰੀ ਨਾ ਨੀ ਮਾਏ

ਤੋਰੀ ਨਾ ਨੀ ਮਾਏ ਮੈਨੂੰ ਐਹੋ ਜਿਹੇ ਘਰ,
ਜਿੱਥੇ ਲਾਲਚਾਂ ਦੇ ਕੁੱਤਿਆਂ ਦੀ ਹੇੜ।
ਭੋਰਾ ਵੀ ਨਾ ਮਾਣ ਮਿਲੇ, ਜਿੱਥੇ ਕਿਸੇ ਜੀਵ-ਤਾਈਂ,
ਉਥੇ ਨਾ ਸਹੇੜੀ ਤੂੰ ਸਹੇੜ।

ਟਕਿਆਂ ਦੇ ਲੋਭੀ ਮਾਏ, ਟਕਿਆਂ ਦੇ ਲਈ ਜਿੱਥੇ,
ਲਾਉਂਦੇ ਨੇ ਕਲ੍ਹੀਰਿਆਂ ਨੂੰ ਅੱਗ ਨੀ।
ਰਹਿਣ ਜਿੱਥੇ ਮੇਮਣੇ ਦੇ ਭੇਖ ਵਿਚ ਭੇੜੀਏ,
ਸ਼ਰੀਫ਼ਾਂ ਵਾਲੇ ਭੇਖ ਵਿਚ ਠੱਗ ਨੀ।
ਜਿੱਥੇ ਸਦਾ ਮਿਲਣੇ ਦੀ ਘੜੀ ਤੋਂ ਪਹਿਲਾਂ ਮਾਏ,
ਦੂਰੀਆਂ ਦੀ ਪੈਂਦੀ ਏ ਤਰੇੜ।
ਤੋਰੀ ਨਾ ਨੀ ਮਾਏ..............................।

ਸੱਚ ਹੀ ਸਿਆਣਿਆਂ ਨੇ ਆਖਿਆ ਹੈ ਥਾਓ-ਥਾਈਂ,
ਹੁੰਦੀਆਂ ਨੇ ਗਊਆਂ, ਧੀਆਂ ਧਿਆਣੀਆਂ।
ਜਿਹਦੇ ਪਿੱਛੇ ਲਾਓ, ਲਵ ਜਾਂਦੀਆਂ ਨੇ ਇਹ ਤਾਂ,
ਕਦੇ ਬੋਲੀਆਂ ਨਾ ਰਤਾ ਮਰ-ਜਾਣੀਆਂ।
ਪਿਆ ਰਹੇ ਧੀਆਂ ਨੂੰ ਵੀ ਮਾਪਿਆਂ ਦੇ ਵਾਂਗ ਮਾਏ।
ਸਦਾ ਹੀ ਚੁਰਾਸੀ ਵਾਲਾ ਗੇੜ।
ਤੋਰੀ ਨਾ ਨੀ ਮਾਏ..............................।

ਦੱਸ ਦਈ ਮਾਏ ਮੇਰੇ ਭੋਲੇ ਜਿਹੇ ਬਾਬਲੇ ਨੂੰ,
ਲਾਡਲੀ ਦੇ ਜਜ਼ਬਿਆਂ ਦਾ ਸਾਰ ਨੀ।
ਉਹਦੀ ਉਹਦੀ ਆਖਦਾ ਏ ਜਿੱਥੇ ਹਰ ਚੀਜ਼ ਨੂੰ ਉਹ,
ਹੈਗਾ ਨਹੀਂ ਉਹਦਾ ਅਧਿਕਾਰ ਨੀ।
ਕਦੇ ਵੀ ਨਾ ਸਿਰਾ ਲੱਭੇ, ਅੰਬਰਾਂ ਤੋਂ ਉੱਚੀ 'ਸੈਣੀ',
ਧੀਆਂ ਵਾਲੇ ਦੁਖੜੇ ਦੀ ਬੇੜ।
ਤੋਰੀ ਨਾ ਨੀ ਮਾਏ..............................।

## ਧੀਆਂ ਦੇ ਦੁੱਖ ਬੜੇ ਵੇ ਲੋਕਾ

ਧੀਆਂ ਦੇ ਦੁੱਖ ਬੜੇ ਵੇ ਲੋਕਾ।
ਇੱਕ ਗੱਲ ਦੀਆਂ, ਸੌ ਸੌ ਗੱਲਾਂ,
ਪਿਆ ਜ਼ਮਾਨਾ ਘੜੇ ਵੇ ਲੋਕਾ।
ਧੀਆਂ ਦੇ ਦੁੱਖ.....................।

ਧੀਆਂ ਧਨ ਬਗਾਨਾ ਕਹਿੰਦੇ,
ਧੀਆਂ ਸਦਾ ਪਰਾਈਆਂ।
ਧੀਆਂ ਗੁੰਗੀਆਂ, ਧੀਆਂ-ਬੋਲੀਆਂ,
ਧੀਆਂ ਮੱਝੀਆਂ, ਗਾਈਆਂ।
ਉਲਟਾ ਅੱਗੋਂ ਮੁੱਲ ਮੰਗਦਾ ਹੈ,
ਰੱਸਾ ਜਿਹੜਾ ਫੜੇ ਵੇ ਲੋਕਾ।
ਧੀਆਂ ਦੇ ਦੁੱਖ.....................।

ਧਨ ਦੀ ਖ਼ਾਤਰ, ਹਰ ਬੰਦਾ ਹੀ,
ਜਿੱਥੇ ਕਹੋ ਖਲੋਵੇ।
ਐਪਰ ਧੀ ਦੇ ਧਨ ਨੂੰ ਹਰ ਕੋਈ,
ਚਾਹੁੰਦਾ ਮੇਰੇ ਨਾ ਹੋਵੇ।
ਇਸ ਅਣ-ਮੁੱਲੇ ਨਗ ਨੂੰ ਨਾ ਕੋਈ,
ਦਿਲ ਦੀ ਮੁੰਦਰੀ ਜੜੇ ਵੇ ਲੋਕਾ।
ਧੀਆਂ ਦੇ ਦੁੱਖ.....................।

ਵਿਆਹ ਤੋਂ ਪਹਿਲਾਂ, ਮਾਂ ਦੀਆਂ ਝਿੜਕਾਂ,
ਪਿੱਛੋਂ ਸੱਸ ਦੇ ਤਾਅਨੇ।
ਬੰਨ੍ਹਣ ਤੋਂ ਵੀ ਪਹਿਲਾਂ ਇਸ ਦੇ,
ਖੁੱਲ੍ਹ ਜਾਂਦੇ ਨੇ ਗਾਨੇ।
ਮਜਬੂਰੀ ਦੀ ਅੱਗ ਅੰਦਰ ਨਿੱਤ,
ਇਹ ਮਰ ਜਾਣੀ, ਸੜੇ ਵੇ ਲੋਕਾ।
ਧੀਆਂ ਦੇ ਦੁੱਖ.....................।

ਧੀਆਂ ਵਿਚ ਰੱਬ ਵਸਦਾ 'ਸੈਣੀ',
ਧੀਆਂ ਰੱਬ ਦਾ ਚਿੱਤਰ।
ਧੀਆਂ ਪਿਆਰਨ ਵਾਲੇ ਦੇ ਨੇ,
ਤਿੰਨੇ ਕਾਲ ਪਵਿੱਤਰ।
ਕੋਈ ਵੀ ਕੰਮ, ਬਿਨ ਧੀਆਂ ਦੇ
ਕਦੇ ਸਿਰੇ ਨਾ ਚੜ੍ਹੇ ਵੇ ਲੋਕਾ।
ਧੀਆਂ ਦੇ ਦੁੱਖ.....................।

•♣•

## ਵੇਖ ਲਈ ਤੇਰੀ ਦੁਨੀਆ ਰੱਬਾ

ਵੇਖ ਲਈ ਤੇਰੀ ਦੁਨੀਆਂ ਰੱਬਾ, ਨਾਲੇ ਦੁਨੀਆ ਵਾਲੇ ਵੀ।
ਮੈਂ ਤਾਂ ਸਭ ਕੁਝ ਵਾਰ ਦਿਆਂ ਪਰ ਕੋਈ ਮੁਹੱਬਤ ਪਾਲੇ ਵੀ।

ਕਿਸ ਨੂੰ ਦੱਸਾਂ, ਕਿਸ ਤੋਂ ਪੁੱਛਾਂ, ਦਿਲ ਦੇ ਦਰਦ ਦੀ ਗਾਥਾ ਵੇ।
ਪੈਸੇ ਪਿੱਛੇ ਵਿੱਕ ਜਾਂਦੈ ਸਭ, ਇੱਥੇ ਸਭ ਕੁਝ ਪੈਸਾ ਵੇ।
ਤਾਹੀਉਂ ਰੱਖੇ ਪੱਥਰ ਦਿਲ ਤੇ, ਮੂੰਹ ਨੂੰ ਲਾਏ ਤਾਲੇ ਵੀ।
ਵੇਖ ਲਈ.......................................................।

ਮੈਂ ਤਾਂ ਖ਼ੂਨ ਜਿਗਰ ਦਾ ਪਿਆ ਪਿਆ, ਹੱਥੀਂ ਬਿਸੀਅਰ ਪਾਲੇ ਵੇ।
ਮੈਨੂੰ ਕੁਝ ਵੀ ਪਤਾ ਨਹੀਂ ਸੀ, ਕੀ ਦੁਨੀਆਂ ਦੇ ਚਾਲੇ ਵੇ।
ਮੇਰੀ ਬੁੱਕਲ ਵਿਚ ਬਹਿ ਬਹਿ ਕੇ, ਡੰਗਿਆ, ਡੰਗਣ ਵਾਲੇ ਵੀ।
ਵੇਖ ਲਈ.......................................................।

ਕਾਸ਼! ਉਹ ਇੰਨਾ ਜਾਣ ਲਵੇ, ਕੀ ਹੁੰਦੀ ਪੀੜ ਮੁਹੱਬਤ ਦੀ।
ਕਿੰਨੀ ਕੀਮਤ ਤਾਰਨੀ ਪੈਂਦੀ, ਇਕ ਘੜੀ ਦੀ ਰਾਹਤ ਦੀ।
ਕੀ ਕੀ ਬਣਿਆ 'ਸੈਣੀ' ਖ਼ਾਤਰ, ਕੀ ਕੀ ਜਫ਼ਰ ਮੈਂ ਜਾਲੇ ਵੀ।
ਵੇਖ ਲਈ.......................................................।

•♣•

## ਅਲ੍ਹੜ ਮਜਾਜਣੇ

ਅਲ੍ਹੜ ਮਜਾਜਣੇ ਨੀ ਪੈਲਾਂ ਪਾਂਦੀ ਛੋਹਰੀਏ।
ਭਲਾ ਇੰਨਾ ਰੂਪ ਕਿੱਥੋਂ ਆਇਆ ਤੈਨੂੰ ਗੋਰੀਏ?

ਮਨ ਦੀਏ ਮੁਹਣੀਏ ਨੀ, ਪਰੀ ਤੋਂ ਵੀ ਸੁਹਣੀਏ।
ਦਿਲ ਕਰੇ ਚੁੰਮ ਲਵਾਂ, ਪਿਆਰ ਦੀਏ ਬੁਹਣੀਏ।
ਚਾਨਣੇ ਤੋਂ ਗੋਰੀਏ ਨੀ, ਮੋਤੀਆਂ ਤੋਂ ਸੁੱਚੀਏ।
ਨੀਵੀਂ ਜਿਹੀ ਧੌਣ ਤੇਰੀ, ਸਰੂ ਤੋਂ ਵੀ ਉਚੀ ਏ।
ਮਿੱਠੇ ਨਾਲੋਂ ਮਿੱਠੀਏ ਨੀ, ਗੰਨੇ ਦੀਏ ਪੋਰੀਏ।
ਭਲਾ ਇੰਨਾ.......................................?

ਚਾਂਦੀ ਤੋਂ ਵੀ ਚਿੱਟੀਏ ਨੀ ਮਾਖਿਉਂ ਤੋਂ ਮਿੱਠੀਏ।
ਤੇਰੇ ਜਿਹੀ ਹੂਰ ਹੋਰ, ਜੱਗ 'ਚ ਨਾ ਡਿੱਠੀ ਏ।
ਬੁੱਲ੍ਹ ਤੇਰੇ ਪੱਤੀਆਂ ਤੇ ਨਜ਼ਾਰਾ ਛਲੇਡੀਆਂ।
ਦੱਸ ਕਿਹਨੂੰ ਫਾਹੁਣ ਲਈ, ਖੇਡਾਂ ਤੂੰ ਇਹ ਖੇਡੀਆਂ?
ਦਹੀਂ ਦੀਏ ਫੁੱਟੀਏ ਨੀ, ਦੁਧ ਦੀ ਕਟੋਰੀਏ।
ਭਲਾ ਇੰਨਾ.......................................?

ਤੇਰੇ ਅੱਗੇ ਕੌਡੀ ਵੀ ਨਹੀਂ, ਕਿਆਮਤੇ! ਕਿਆਮਤਾਂ।
ਸਿਰ ਸੁਟ ਲੰਘ ਜਾਣ, ਤੇਰੇ ਕੋਲੋਂ ਆਫ਼ਤਾਂ।
ਖ਼ੁਸ਼ੀਆਂ ਤੇ ਖੇੜੇ, ਪੈੜਾਂ ਚੁੰਮਦੇ ਨੇ ਤੇਰੀਆਂ।
ਤੈਨੂੰ ਵੇਖ ਖੜ੍ਹ ਜਾਣ, ਝੱਖੜ ਹਨੇਰੀਆਂ।
ਕੱਚ ਨਾਲੋਂ ਕੱਚੀ, ਕੱਚੇ ਧਾਗੇ ਦੀਏ ਡੋਰੀਏ।
ਭਲਾ ਇੰਨਾ.......................................?

ਖਿੜੇ ਮੱਥੇ ਵਾਲੀਏ ਨੀ ਫੁੱਲਾਂ ਦੀਏ ਹਾਨਣੇ।
ਭੁੱਲ ਨਾ ਤੂੰ ਜਾਈਂ, ਹਾੜ੍ਹਾ! ਮੈਨੂੰ ਦਿਲ-ਜਾਨਣੇ।
ਤੇਰੇ ਉਤੇ ਜੱਗ ਦੀਆਂ, ਨਿਰਮਤਾ ਮੈਂ ਵਾਰਦਾਂ।
ਤੂੰ ਜੇ ਕਹੇਂ, ਸਮੇਂ ਨੂੰ ਵੀ, ਫੜਕੇ ਖਿਲ੍ਹਾਰਦਾਂ।
ਨਿੱਘੀ ਜਿਹੀ ਬੁੱਕਲ ਦੀ, ਮਿੱਠੀ ਜਿਹੀ ਲੋਰੀਏ।
ਭਲਾ ਇੰਨਾ.......................................?

•♣•

## ਯਾਦ ਆਵੇ ਤੇਰੀ ਵਾਰ ਵਾਰ

ਜਦੋਂ ਵੀ ਬਨੇਰੇ ਉਤੇ ਬੋਲਦਾ ਏ ਕਾਂ ਚੰਨਾ, ਯਾਦ ਆਵੇ ਤੇਰੀ ਵਾਰ ਵਾਰ।
ਪੈਂਦੀਆਂ ਨੇ ਚੀਸਾਂ ਹੋਵੇ ਪੀੜ ਮੇਰੇ ਕਾਲੜੇ 'ਚ ਦੱਸ ਕਿਵੇਂ ਜਾਵਾਂ ਮੈਂ ਸਹਾਰ?

ਵੇਖ ਵੇਖ ਬੁੜ੍ਹਕਦਾ ਪਰਾਤ ਵਿੱਚੋਂ ਆਟਾ, ਹੋਣ ਸਜਰੀਆਂ ਮੇਰੀਆਂ ਉਡੀਕਾਂ।
ਕਰਕੇ ਬਹਾਨੇ ਝੂਠ ਮੂਠ ਭਾਂਡੇ ਮਾਂਜਣੇ ਦੇ, ਸੁੱਚੀ ਸੁੱਚੀ ਔਸੀਆਂ ਉਲੀਕਾਂ।
ਮਿਲਣੇ ਦੀ ਘੜੀ ਕਦ ਆਊ ਮੇਰੇ ਚੰਨਾ, ਜਾਵੇ ਬੀਤਦੀ ਜਵਾਨੀ ਦੀ ਬਹਾਰ।
ਜਦੋਂ ਵੀ ਬਨੇਰੇ.....................................................................।

ਕਦਮਾਂ ਦਾ ਸੁਣਾ ਜੇ ਖੜਾਕ ਕਿਤੇ ਗਲੀ ਵਿਚ, ਤੇਰਾ ਵੇ ਭੁਲੇਖਾ ਝੱਟ ਖਾਵਾਂ।
ਗੁੰਮ ਜਾਵਾਂ ਓਦੋਂ ਵੇ ਮੈਂ ਤੇਰਿਆਂ ਖ਼ਿਆਲਾਂ ਵਿਚ, ਭੱਜ ਭੱਜ ਬੂਹੇ ਵਲ ਜਾਵਾਂ।
ਸਹਿਕਦੇ ਨੇ ਬਿੰਦੀ ਟਿੱਕਾ, ਪੈਰਾਂ ਦੀਆਂ ਝਾਂਜਰਾਂ ਵੀ, ਕਦੇ ਵੀ ਨਾ ਕੀਤਾ ਮੈਂ ਸ਼ਿੰਗਾਰ।
ਜਦੋਂ ਵੀ ਬਨੇਰੇ.....................................................................।

ਘਰੋਂ ਘਰੀਂ ਆ ਰਹੇ ਨੇ ਫੌਜੀ ਸਾਰੇ ਛੁੱਟੀ, ਤੂੰ ਵੀ ਦੱਸ 'ਸੈਣੀ' ਆਣ ਦੀ ਤਰੀਕ।
ਝੂਠ ਮੂਠ ਦੱਸਦੀ ਹਾਂ, ਅਜ ਆਉਣਾ, ਕੱਲ੍ਹ ਆਉਣਾ, ਮੈਨੂੰ ਜਦੋਂ ਪੁੱਛਦੇ ਸ਼ਰੀਕ।
ਚਿਰਾਂ ਤੋਂ ਏ ਸੁੱਕੀ, ਮੇਰੇ ਚਾਵਾਂ ਵੀ ਬਗੀਚੀ, ਤੇਰੇ ਆਣ ਨਾਲ ਖਿੜੂ ਗੁਲਜ਼ਾਰ।
ਜਦੋਂ ਵੀ ਬਨੇਰੇ.....................................................................।

•♣•

## ਭੁਲ ਗਿਉਂ ਕੌਲ ਕਰਾਰ

ਕੀ ਹੋਇਆ ਜੇ ਤੂੰ ਵੀ ਸਜਣਾ, ਭੁਲ ਗਿਉਂ ਕੌਲ ਕਰਾਰ।
ਮੇਰੇ ਲੇਖੀਂ ਤਾ ਰੱਬ ਨੇ ਹੀ, ਲਿਖਿਆ ਨਹੀਂ ਪਿਆਰ।

ਤੈਨੂੰ ਹੀ ਕਿਉਂ ਦੋਸ਼ ਦਵਾ ਮੈਂ, ਇਹ ਤਾਂ ਕਰਮ ਨੇ ਮੇਰੇ।
ਮੇਰੇ ਲਈ ਜੋ ਕਿਸੇ ਅੱਖ ਵੀ, ਦੋ ਹੰਝੂ ਨਾ ਕੇਰੇ।
ਮੇਰਾ ਤਾਂ ਵੱਸਣ ਤੋਂ ਪਹਿਲਾਂ, ਉਜੜ ਜਾਏ ਸੰਸਾਰ।
ਕੀ ਹੋਇਆ ਜੇ.............................................।

ਵਿਛੜਣ ਤੋਂ ਵੀ ਭੈੜਾ ਹੁੰਦੈ, ਨਜ਼ਰਾਂ 'ਚੋਂ ਗਿਰ ਜਾਣਾ।
ਕਿਸੇ ਕਿਸੇ ਦੇ ਹਿੱਸੇ ਆਉਂਦਾ, ਕੀਤੇ ਬੋਲ ਪੁਗਾਣਾ।
ਉਸ ਦਾ ਵੀ ਕੀ ਜੀਣਾ, ਜਿਸਦਾ ਟੁੱਟ ਜਾਵੇ ਇਤਬਾਰ?
ਕੀ ਹੋਇਆ ਜੇ.............................................।

ਜਿਸ ਨੂੰ ਵੀ ਮੈਂ ਜਾਣਿਆਂ ਅਪਣਾ, ਉਸ ਨੇ ਹੀ ਠੁਕਰਾਇਆ।
ਮੇਰੇ ਤਾਂ ਹੁਣ ਕੋਲ ਖੜ੍ਹੇ ਨਾ, ਖ਼ੁਦ ਮੇਰਾ ਹੀ ਸਾਇਆ।
ਜੀਣੇ ਦੀ ਗੱਲ ਤਾਂ ਇਕ ਪਾਸੇ, ਮਰਨਾ ਵੀ ਦੁਸ਼ਵਾਰ।
ਕੀ ਹੋਇਆ ਜੇ.............................................।

ਹਰ ਇਕ ਨੇ ਦਰ ਭੀੜ ਲਿਆ ਹੈ, ਕਿਹੜੇ ਦਰ ਤੇ ਜਾਵਾਂ?
ਕਿਹੜੀ ਆਸ-ਕਿਰਨ ਦੀ ਖ਼ਾਤਰ, ਮੈਂ ਇਹ ਉਮਰ ਲੰਘਾਵਾਂ?
ਤੇਰੇ ਬਾਝੋਂ ਐ 'ਸੈਣੀ' ਹੁਣ ਜੀਣਾ ਵੀ ਬੇਕਾਰ।
ਕੀ ਹੋਇਆ ਜੇ.............................................।

•♣•

## ਡੱਕਾਂ ਅੱਖਾਂ ਵਿਚ ਹੰਝੂ

ਡੱਕਾਂ ਅੱਖਾਂ ਵਿਚ ਹੰਝੂਆਂ ਨੂੰ ਹੱਸ ਹਾਣੀਆਂ।
ਮੇਰੀ ਹੋਈ ਹੁਣ ਬੱਸ ਬੱਸ ਹਾਣੀਆਂ।

ਨਾਗ ਜ਼ੁਲਫ਼ਾਂ ਦੇ ਕਾਲੇ, ਪਏ ਮਾਰਨ ਫੁੰਕਾਰੇ।
ਡੰਗ ਇਹਨਾਂ ਵਾਲੇ ਮੈਥੋਂ ਹੁਣ, ਜਾਣ ਨਾ ਸਹਾਰੇ।
ਇਹਨਾਂ ਰੋਮ ਰੋਮ ਮੇਰਾ ਦਿੱਤਾ ਡੱਸ ਹਾਣੀਆਂ।
ਮੇਰੀ ਹੋਈ ਹੁਣ...........................।

ਮੇਰਾ ਅੰਗ ਅੰਗ ਟੁੱਟੇ, ਸਹੀ ਜਾਵੇ ਨਾ ਜੁਦਾਈ।
ਲਗ ਥੰਮੀਆਂ ਦੇ ਗਲ, ਦੋਵਾਂ ਪਈ ਇਹ ਦੁਹਾਈ।
ਕੋਈ ਬਾਹਾਂ ਵਿਚ ਘੁੱਟੇ, ਕੱਸ ਕੱਸ ਹਾਣੀਆਂ।
ਮੇਰੀ ਹੋਈ ਹੁਣ...........................।

ਮੇਰੀ ਤੋਰ ਦੇਖ ਦੇਖ, ਚਾਲ ਮੋਰ ਜਾਣ ਭੁੱਲ।
ਚੰਨਾ! ਨੱਕੋ ਨੱਕ ਭਰੀ, ਮੈਂ ਨਾ ਜਾਵਾਂ ਕਿਤੇ ਡੁਲ੍ਹ।
ਮੇਰਾ ਜਾਂਦਾ ਰਿਹਾ, ਆਪੇ ਉਤੇ ਵੱਸ ਹਾਣੀਆਂ।
ਮੇਰੀ ਹੋਈ ਹੁਣ...........................।

ਮੇਰੇ ਪੋਹ ਮਾਘ ਸੁੰਨੇ, ਮੇਰੇ ਸਾਵਣ ਤਿਹਾਏ।
ਮੇਰੀ ਅੱਥਰੀ ਜਵਾਨੀ, ਮੈਨੂੰ ਵੱਢ ਵੱਢ ਖਾਏ।
ਕਰੇ ਨਸ ਨਸ 'ਸੈਣੀ', ਟੱਸ ਟੱਸ ਹਾਣੀਆਂ।
ਮੇਰੀ ਹੋਈ ਹੁਣ...........................।

•♣•

## ਮਾਹੀ ਨੇ ਲਿਆਂਦੀਆਂ ਨੇ ਵੰਗਾਂ

ਅਜ ਮੇਰੇ ਮਾਹੀ ਨੇ ਲਿਆਂਦੀਆਂ ਨੇ ਵੰਗਾਂ ਨੀ।
ਨਾਲੇ ਛਣਕਾਰਾਂ, ਨਾਲੇ ਝੂਠੀ ਮੂਠੀ ਸੱਗਾਂ ਨੀ।

ਮਾਹੀ ਮੇਰਾ ਹੈਗਾ ਨਿਰਾ ਖੰਡ ਦਾ ਖਿਡਾਉਣਾ ਨੀ।
'ਚੌਧਵੀ ਦਾ ਚੰਨ' ਕਹਿਣ, ਕੁੜੀਆ ਪਰਾਹੁਣਾ ਨੀ।
ਰੱਬ ਕੋਲੋਂ ਸਦਾ ਉਹਦੀ ਸੁੱਖ ਮੈਂ ਤਾਂ ਮੰਗਾਂ ਨੀ।
ਅਜ ਮੇਰੇ.....................................।

ਸ਼ਹਿਦ ਨਾਲੋਂ ਮਿੱਠੇ ਉਹਦੇ, ਮਿੱਠੇ ਮਿੱਠੇ ਬੋਲ ਨੀ।
ਦਿਲ ਮੇਰੇ ਵਿਚ ਜਾਣ, ਮਿਸਰੀ ਉਹ ਘੋਲ ਨੀ।
ਉਹਦੇ ਆਪੇ ਵਿਚ ਮੈਂ ਤਾਂ ਸਦਾ ਆਪਾਂ ਰੰਗਾਂ ਨੀ।
ਅਜ ਮੇਰੇ.....................................।

ਵੰਗ ਵੰਗ ਮੈਨੂੰ, ਰੂਪ ਦਿੱਸੇ ਮਾਹੀ ਦਾ।
ਇਹ ਤੋਂ ਵਧ ਹੋਰ ਮੈਨੂੰ, ਭਲਾ ਕੀ ਏ ਚਾਹੀਦਾ।
ਕੀਤੀਆਂ ਨੇ ਸਦਾ 'ਸੈਣੀ' ਪੂਰੀਆਂ ਉਮੰਗਾਂ ਨੀ।
ਅਜ ਮੇਰੇ.....................................।

•♣•

## ਇਕ ਦੂਜੇ ਦੇ ਮੀਤ

ਆ ਮੀਤੋ, ਆਪਾਂ ਬਣ ਜਾਈਏ,
ਇਕ ਦੂਜੇ ਦੇ ਮੀਤ।
ਇਕ ਦੂਜੇ ਦੇ ਬੁੱਲ੍ਹੀ ਹੋਵਣ,
ਇਕ ਦੂਜੇ ਦੇ ਗੀਤ।

ਦੁਨੀਆਂ ਦੀ ਹਰ ਇਕ ਸ਼ੈ ਅਪਣੀ,
ਅਪਣਾ ਚਾਰ-ਚੁਫੇਰਾ।
ਤੇਰਾ ਸਭ ਕੁਝ ਮੇਰਾ ਹੋਵੇ,
ਮੇਰਾ ਸਭ ਕੁਝ ਤੇਰਾ।
ਸਜਰੇ ਫੁੱਲਾਂ ਵਾਂਗੂ ਮਹਿਕੇ,
ਤੇਰੀ ਮੇਰੀ ਪ੍ਰੀਤ।
ਆ ਮੀਤੋ.............।

ਇਕ ਦੇ ਨਾਲ, ਜੇ ਇਕ ਰਲ ਜਾਵੇ,
ਹੋ ਜਾਂਦੇ ਨੇ ਗਿਆਰਾਂ।
ਇਕ ਦਾ ਜੀਵਨੰ ਮੌਤ ਬਰਾਬਰ,
ਦੋ ਤਾਂ ਮੌਜ ਬਹਾਰਾਂ।
ਕੱਲੇ ਕੱਲੇ ਦੀ ਨਾ ਹੋਈ,
ਕਿਧਰੇ ਪੁੱਛ ਪਰਤੀਤ।
ਆ ਮੀਤੋ.............।

ਗੁੱਸਾ ਸ਼ਿਕਵਾ ਬਹਿ ਕੇ ਕੱਠੇ,
ਚੰਗਾ ਨਿਬੜ ਜੇ ਜਾਵੇ।
ਤਾਂ ਜੋ ਸਾਡੇ ਪਿਆਰ ਦੇ ਰਾਹ ਵਿਚ,
ਕੋਈ ਨਾ ਅੜਚਣ ਦੇ ਰਾਹ ਵਿਚ,
ਕੋਈ ਨਾ ਅੜਚਣ ਆਵੇ।
ਮੁੜ ਕੇ ਮੋਏ ਪਿਆਰ ਨੂੰ 'ਸੈਣੀ'
ਕਰ ਲਈਏ ਸੁਰਜੀਤ।
ਆ ਮੀਤੋ.............।

## ਕਰਜ਼ਿਆਂ ਦਾ ਭਾਰ ਵੇ

ਹੁੰਦੀ ਸਾਡੇ ਖੇਤੀ ਜਿੰਨੀ, ਕਣਕ ਤੇ ਜਵਾਰ ਵੇ।
ਉਹਤੋਂ ਵਧ ਸਾਡੇ ਸਿਰੀ, ਕਰਜ਼ਿਆਂ ਦਾ ਭਾਰ ਵੇ।

ਫ਼ਸਲਾਂ ਵੇਖ ਵੇਖ, ਖੁਸ਼ ਕਾਹਤੋਂ ਹੋਵੀਏ।
ਸਾਡਾ ਅਧਿਕਾਰ ਬੱਸ, ਵੱਢੀਏ ਤੇ ਬੋਵੀਏ।
ਬਾਕੀ ਸਾਰਾ ਆੜ੍ਹਤੀਏ ਦਾ ਹੈਗਾ ਅਧਿਕਾਰ ਵੇ।
ਹੁੰਦੀ ਸਾਡੇ.....................................।

ਜਿੰਨੀਆਂ ਕਪਾਹਾਂ ਸਾਡੇ ਖੇਤਾਂ ਵਿਚ ਹੱਸੀਆਂ।
ਬਾਣੀਏ ਨੇ ਓਨੀਆਂ ਕਮੰਦਾਂ ਹੋਰ ਕੱਸੀਆਂ।
ਹਾੜੀ ਸੌਣੀ ਸਾਡੀ ਸਾਰੀ, ਲੈਂਦਾ ਏ ਡਕਾਰ ਵੇ।
ਹੁੰਦੀ ਸਾਡੇ.....................................।

ਸਿਆੜ ਸਿਆੜ ਵਿਚ ਸਾਡਾ ਡੁਲ੍ਹਦਾ ਹੈ ਖ਼ੂਨ ਵੇ।
ਬੂਟੇ ਬੂਟੇ ਵਿਚ ਸਾਡਾ ਮਿਹਨਤੀ ਜਨੂੰਨ ਵੇ।
ਤੀਲ੍ਹੇ ਤੀਲ੍ਹੇ ਵਿਚ ਸਾਡੀਆਂ ਆਂਦਰਾਂ ਦਾ ਪਿਆਰ ਵੇ।
ਹੁੰਦੀ ਸਾਡੇ.....................................।

ਅਣਖੀ ਕਿਸਨੇ ਹੁਣ ਸੰਭਾਲੇ ਰੰਬੇ ਦਾਤੀਆਂ।
ਫੜ ਲਓ ਹੱਥਾਂ ਵਿਚ ਬਲਦੀਆਂ ਚੁਆਤੀਆਂ।
ਸਾਡੀਂ ਜਿਣਸ ਤੇ ਨਾ 'ਸੈਣੀ', ਡਾਕਾ ਸਕੇ ਮਾਰ ਵੇ।
ਹੁੰਦੀ ਸਾਡੇ.....................................।

•♣•

## ਮਾਰੇ ਆਪ ਕੁਹਾੜੇ

ਅਸੀਂ ਤਾਂ ਅਪਣੇ ਪੈਰਾਂ ਉਤੇ, ਮਾਰੇ ਆਪ ਕੁਹਾੜੇ।
ਵਸਦੇ ਰਸਦੇ ਘਰ ਆਪਾਂ ਨੇ, ਅਪਣੇ ਆਪ ਉਜਾੜੇ।

ਹਰ ਮਾਂ ਦੀਆਂ ਅੱਖਾਂ ਵਿਚ ਹੰਝੂ, ਦਿਲ ਵਿਚ ਹਉਕੇ ਹਾਵੇ।
ਕਿੱਦਾਂ ਕੋਈ ਭੈਣ ਕਿਸੇ ਨੂੰ, ਦਿਲ ਦਾ ਦਰਦ ਸੁਣਾਵੇ।
ਅਪਣੇ ਹੀ ਪਿੱਠ ਦੇ ਜਾਂਦੇ ਨੇ, ਜਦ ਆਵਣ ਦਿਨ ਮਾੜੇ।
ਅਸੀਂ ਤਾਂ.....................................................।

ਕੀ ਦੱਸੀਏ, ਕੀ ਕਹੇ ਜ਼ਮਾਨਾ, ਕੀ ਕੀ ਦੁਨੀਆਂ ਕਹਿੰਦੀ।
ਉਸ ਵੇਲੇ ਤਾਂ ਲੱਖ ਦੀ ਇੱਜ਼ਤ, ਕੱਖ ਦੀ ਵੀ ਨਹੀਂ ਰਹਿੰਦੀ।
ਜਦ ਭਾਈ ਹੀ ਪੱਗ ਭਾਈ ਦੀ, ਪੈਰਾਂ ਹੇਠ ਲਿਤਾੜੇ।
ਅਸੀਂ ਤਾਂ.....................................................।

ਘਰ ਦੀ ਅੱਗ ਹਰ ਸ਼ੈ ਤੋਂ ਮਾੜੀ, ਉਤੋਂ ਬੇਪਰਤੀਤੀ।
ਕਿਸ ਨੂੰ ਕਹੀਏ, ਕਿਸ ਨੂੰ ਦੱਸੀਏ, ਜੋ ਸਾਡੇ ਤੇ ਬੀਤੀ।
ਕਲ ਤਕ ਜੋ ਚੰਗੇ ਸੀ, ਬਣ ਗਏ ਰਾਤੋ ਰਾਤ ਹੀ ਮਾੜੇ।
ਅਸੀਂ ਤਾਂ.....................................................।

ਹਿੰਦੂ ਮੁਸਲਿਮ, ਸਿੱਖ, ਇਸਾਈਓ, ਛੱਡੋ ਕੀਨਾ ਸਾੜਾ।
ਕਿਉਂ ਭੁਲਦੇ ਹੋ ਪਾਣੀ ਨਾਲੋਂ, ਖ਼ੂਨ ਸਦਾ ਹੀ ਗਾਹੜਾ।
ਆਓ ਮੇਟੀਏ ਵਿੱਥਾਂ 'ਸੈਣੀ', ਭਰੀਏ ਦਿਲਾਂ ਦੇ ਪਾੜੇ।
ਅਸੀਂ ਤਾਂ.....................................................।

•♣•



## ਬਲਬੀਰ ਸਿੰਘ 'ਸੈਣੀ'

ਬਲਬੀਰ ਸਿੰਘ 'ਸੈਣੀ' ਪੰਜਾਬੀ ਕਾਵਿ-ਗਗਨ ਦਾ ਇਕ ਰੌਸ਼ਨ ਸਿਤਾਰਾ ਹੈ। ਪਿਛਲੇ ਕਈ ਦਹਾਕਿਆਂ ਤੋਂ ਉਸ ਦੀ ਪ੍ਰਪੱਕ ਸ਼ਾਇਰੀ ਪੰਜਾਬੀ ਪਾਠਕਾਂ ਦੇ ਮਨਾਂ 'ਤੇ ਰਾਜ ਕਰ ਰਹੀ ਹੈ। ਪੰਜਾਬੀ ਗ਼ਜ਼ਲ ਅਤੇ ਗੀਤਕਾਰੀ ਦੇ ਖੇਤਰ ਵਿਚ ਉਸ ਦਾ ਰੁਤਬਾ ਉਸਤਾਦਾਂ ਵਾਲਾ ਹੈ। ਉਹ ਠਰ੍ਹੰਮੇ ਨਾਲ ਲਿਖਣ ਵਾਲਾ ਸ਼ਾਇਰ ਹੈ। ਕੇਵਲ ਸ਼ਾਇਰ ਹੀ ਨਹੀਂ ਉਹ ਜ਼ਿੰਦਗੀ ਦੇ ਯਥਾਰਥ ਨੂੰ ਸਜੀਵ ਰੂਪ ਵਿਚ ਪੇਸ਼ ਕਰਨ ਵਾਲਾ ਇਕ ਸਫ਼ਲ ਕਹਾਣੀਕਾਰ ਵੀ ਹੈ। ਉਸ ਦੇ ਬਹੁਤ ਸਾਰੇ ਪਾਠਕ ਹਨ ਜਿਨ੍ਹਾਂ ਵਿਚੋਂ ਮੈਂ ਵੀ ਇਕ ਹਾਂ। 'ਸੈਣੀ' ਜਿੰਨਾ ਚੰਗਾ ਸ਼ਾਇਰ ਅਤੇ ਕਹਾਣੀਕਾਰ ਹੈ ਉਨਾ ਚੰਗਾ ਇਕ ਮਨੁੱਖ ਵੀ ਹੈ ਜਿਸ ਵਿਚ ਆਪਣਿਆਂ ਵਰਗੀ ਅਪਣੱਤ ਹੈ।

ਡਾ. ਦਰਸ਼ਨ ਸਿੰਘ 'ਆਸ਼ਟ',
ਪੰਜਾਬੀ ਯੂਨੀਵਰਸਿਟੀ,
ਪਟਿਆਲਾ

'ਸੈਣੀ' ਕਾਵਿ-ਸ਼ਿਲਪ ਤੋਂ ਜਾਣੂ ਹੈ। ਉਸ ਦੇ ਗੀਤ ਛੰਦਾ-ਬੰਦੀ ਦੇ ਨਿਯਮ ਪਾਲਦੇ ਹਨ। ਉਸ ਦੇ ਗੀਤ ਹੱਡੀਂ ਹੰਢਾਏ ਅਨੁਭਵਾਂ ਉਤੇ ਆਧਾਰਿਤ ਹਨ। ਇਹ ਗੀਤ ਨਿੱਜ ਅਤੇ ਪਰ ਦੋਵਾਂ ਨਾਲ ਸਬੰਧਿਤ ਹਨ। ਉਸ ਕੋਲ ਗ਼ਜ਼ਲ ਵਰਗੀ ਲਤਾਫ਼ਤ, ਖੁੱਲ੍ਹੀ ਕਵਿਤਾ ਵਰਗਾ ਵਿਸ਼ਾਲ ਦਿਲ ਅਤੇ ਗੀਤ ਵਰਗੀ ਮਧੁਰਤਾ ਹੈ। ਉਹ ਗੀਤਾਂ ਨੂੰ 'ਮੇਰੇ ਗੀਤ' ਕਹਿ ਕੇ ਮੱਲ ਨਾ ਮਾਰੇ, ਇਹ ਗੀਤ ਸਭ ਦੇ ਸਾਂਝੇ ਹਨ।

ਮਾਨ ਸਿੰਘ 'ਹਕੀਰ'
ਪਟਿਆਲਾ